# ਆਲੋਚਨਾ

ਜੁਲਾਈ ੧੯੬੦

ਮੁੱਲ : ੫੦ ਨਵੇਂ ਪੈਸੇ

ਪੰਜਾਬੀ ਸਾਹਿੱਤ ਅਕਾਡਮੀ, ਲੁਧਿਆਣਾ

Approved for use in the Schools and Colleges of the Panjab vide D. P. I's letter No. 3397—B—6/48—55—25796 dated July 1955.

# ਆਲੋਚਨਾ

ਸੰਪਾਦਕ ਮੰਡਲ :

ਭਾਈ ਸਾਹਿਬ ਭਾਈ ਜੋਧ ਸਿੰਘ,
ਪ੍ਰੋ. ਸੰਤ ਸਿੰਘ ਸੇਖੋਂ
ਪ੍ਰੋ. ਗੁਲਵੰਤ ਸਿੰਘ

ਜਿਲਦ ੬ ] ਜੁਲਾਈ ੧੯੬੦ [ ਕੁਲ ਅੰਕ ਨੰ: ੩੮
ਅੰਕ ੭ ]

## ਲੇਖ-ਸੂਚੀ


| ਨੰ: | | | ਪੰਨਾ |
|---|---|---|---|
| ੧. | ਛੇਵੀਂ ਸਰਬ-ਹਿੰਦ ਪੰਜਾਬੀ ਕਾਨਫ਼ਰੰਸ ਦੀ ਰੀਪੋਰਟ | | ੧ |
| ੨. | ਸਾਹਿੱਤਕ ਸਮਾਲੋਚਨਾ ਤੇ ਉਸ ਦਾ ਮਹਤਵ | ਲੇਖ ਰਾਜ 'ਪਰਵਾਨਾ' | ੨੪ |
| ੩. | ਲੋਕ-ਗੀਤ ਤੋਂ ਕਵਿਤਾ ਤਕ | ਸ਼ਾਕਿਰ ਪੁਰਸ਼ਾਰਥੀ | ੩੭ |

# ਕਾਰਗੁਜ਼ਾਰੀ

## ਛੇਵੀਂ ਸਰਬ-ਹਿੰਦ ਪੰਜਾਬੀ ਕਾਨਫ਼ਰੰਸ, ਅੰਬਾਲਾ ਸ਼ਹਿਰ

### (੨੧ ਮਈ, ੧੯੬੦ ਸ਼ਨਿਚਰਵਾਰ—ਸਵੇਰ ਦਾ ਸਮਾਗਮ)

**ਵਿਭਾਗੀ ਕਾਨਫ਼ਰੰਸਾਂ ਦਾ ਪ੍ਰਾਰੰਭ**— ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਇਸ ਵਾਰ ਅੰਬਾਲਾ ਸ਼ਹਿਰ ਵਿਚ, ਸੋਹਨ ਲਾਲ ਟ੍ਰੇਨਿੰਗ ਕਾਲਿਜ ਦੇ ਵਿਸ਼ਾਲ ਇਹਾਤੇ ਵਿਚ ੨੧ ਤੇ ੨੨ ਮਈ ਨੂੰ ਹੋਈ। ਕਾਨਫ਼ਰੰਸ ਦਾ ਆਰੰਭ ਵਿਭਾਗੀ ਕਾਨਫ਼ਰੰਸਾਂ ਦੇ ਸਮਾਗਮਾਂ ਨਾਲ ਸ਼ੁਰੂ ਹੋਇਆ। ੨੧ ਮਈ ਸ਼ਨਿਚਰਵਾਰ ਨੂੰ ਸਵੇਰੇ ੯–੩੦ ਤੋਂ ੧੧–੦੦ ਵਜੇ ਤਕ ਵਿਦਿਆਰਥੀ ਤੇ ਪ੍ਰਕਾਸ਼ਕ ਕਾਨਫ਼ਰੰਸਾਂ ਹੋਈਆਂ। ਪਹਿਲੀ ਦੀ ਪ੍ਰਧਾਨਗੀ ਪ੍ਰਸਿਧ ਵਿਦਵਾਨ ਪ੍ਰੋ: ਗੁਪਾਲ ਦਾਸ ਕਪੂਰ ਨੇ ਕੀਤੀ ਤੇ ਦੂਜੀ ਚੀ ਪ੍ਰਧਾਨਗੀ ਸ: ਨਵਤੇਜ ਸਿੰਘ ਜੀ (ਪ੍ਰੀਤ ਨਗਰ) ਦੇ ਹਿੱਸੇ ਆਈ। ਪ੍ਰਕਾਸ਼ਕ ਕਾਨਫ਼ਰੰਸ ਦਾ ਉਦਘਾਟਣ ਸ: ਹੀਰਾ ਸਿੰਘ 'ਦਰਦ' ਨੇ ਕੀਤਾ। ਦੋਹਾਂ ਕਾਨਫ਼ਰੰਸਾਂ ਵਿਚ ਸ਼ਾਮਲ ਹੋਏ ਪ੍ਰਤੀਨਿਧਾਂ ਨੇ ਆਪਣੇ ਆਪਣੇ ਖੇਤਰ ਦੀਆਂ ਸਮਸਿਆਵਾਂ ਤੇ ਚਾਨਣਾ ਪਾਇਆ ਅਤੇ ਇਕ ਲੰਬੀ ਵਿਚਾਰ ਤੋਂ ਉਪਰੰਤ ਕਈ ਮਤੇ ਪਾਸ ਕੀਤੇ ਜਿਨ੍ਹਾਂ ਦਾ ਵੇਰਵਾ ਅੱਗੇ ਇਸ ਅੰਕ ਵਿਚ ਦਿੱਤਾ ਗਇਆ ਹੈ।

**ਸਾਹਿਤ ਸਮਾਰੋਹ (ਪਹਿਲੀ ਬੈਠਕ)**—ਉਪਰੋਕਤ ਵਿਭਾਗੀ ਕਾਨਫ਼ਰੰਸਾਂ ਤੋਂ ਉਪਰੰਤ ਪੰਜਾਬੀ ਲਿਖਾਰੀਆਂ ਦਾ ਸਮਾਗਮ ਦਿਨ ਦੇ ੧੧ ਵਜੇ ਦੇ ਕਰੀਬ ਸ਼ੁਰੂ ਹੋਇਆ। ਇਸ ਦਾ ਉਦਘਾਟਣ ਪ੍ਰਸਿਧ ਲਿਖਾਰੀ ਖ੍ਵਾਜਾ ਅਹਿਮਦ ਅਬਾਸ ਨੇ ਕੀਤਾ ਤੇ ਪਰਧਾਨਗੀ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਨੇ।

**ਉਦਘਾਟਣੀ ਭਾਸ਼ਣ : ਖ੍ਵਾਜਾ ਅਹਿਮਦ ਅਬਾਸ –**

ਖ੍ਵਾਜਾ ਅਹਿਮਦ ਅਬਾਸ ਨੇ ਆਪਣੇ ਉਦਘਾਟਣੀ ਭਾਸ਼ਣ ਨੂੰ ਆਰੰਭ ਕਰਦਿਆਂ ਕਹਿਆ—"ਮੇਰਾ ਜਨਮ ਪਾਣੀਪਤ ਦਾ ਹੈ। ਅੰਗ੍ਰੇਜ਼ ਰਾਜ ਦੇ ਸਮੇਂ ਸਾਨੂੰ, ਭਾਰਤੀਆਂ ਨੂੰ ਰਾਸ਼ਟਰੀ-ਚੇਤਨਤਾ ਬਹੁਤ ਘਟ ਸੀ। ਮੈਨੂੰ ਪੰਜਾਬੀ ਹੋਣ ਦਾ ਇਹਸਾਸ ਤਾਂ ਇਕ ਪਾਸੇ ਰਹਿਆ, ਹਿੰਦੁਸਤਾਨੀ ਹੋਣ ਦਾ ਇਹਸਾਸ ਵੀ ਨਹੀਂ

ਸੀ। ਜਦੋਂ ਮੈਂ ਅਲੀਗੜ੍ਹ ਗਇਆ ਤਾਂ ਉੱਤਰ ਪ੍ਰਦੇਸ਼ ਦੇ ਲੜਕੇ ਸਾਡਾ ਮਖੌਲ ਉਡਾਇਆ ਕਰਦੇ ਸਨ। ਪੁਛਦੇ ਸਨ ਕਿ 'ਤੂੰ ਇਨਸਾਨ ਹੈਂ ਜਾਂ ਪੰਜਾਬੀ ?" ਪਰ ਅੱਜ ਇਹ ਹਾਲਤ ਨਹੀਂ ਹੈ। ਪੰਜਾਬੀਆਂ ਦੀ ਮਿੱਠੀ ਜ਼ਬਾਨ ਅੱਜ ਹਿੰਦੁਸਤਾਨ ਦੇ ਕੋਨੇ ਕੋਨੇ ਵਿਚ ਸੁਣੀ ਜਾ ਸਕਦੀ ਹੈ। ਜ਼ਬਾਨ ਨਾਲ ਇਸ ਦੇ ਬੋਲਣ ਵਾਲਿਆਂ ਦੀ ਪਰਸਪਰ ਮੁਹਬਤ ਬਣੀ ਰਹਿੰਦੀ ਹੈ।"

ਪੰਜਾਬੀ ਭਾਸ਼ਾ ਦੀ ਪੁਰਾਤਨਤਾ ਦਾ ਜ਼ਿਕਰ ਕਰਦਿਆਂ ਖ਼੍ਵਾਜਾ ਸਾਹਿਬ ਨੇ ਕਹਿਆ—"ਇਹ ਗਲਤ ਹੈ ਕਿ ਪੰਜਾਬੀ ਇਕ ਨਵੀਂ ਜ਼ਬਾਨ ਹੈ। ਹਿੰਦੀ ਆਪਣੀ ਹੁਣ ਦੀ ਸ਼ਕਲ ਵਿਚ ਪੰਜ ਸੌ ਸਾਲ ਤੋਂ ਪੁਰਾਣੀ ਨਹੀਂ, ਪਰ ਪੰਜਾਬੀ ਨਿਸਚੇ ਹੀ ਇਸ ਤੋਂ ਬਹੁਤ ਪੁਰਾਣੀ ਹੈ। ਭਾਰਤ ਇਕ ਅਜਿਹਾ ਨੰਦਨ ਬਨ ਹੈ ਜਿਸ ਵਿਚ ਤਰ੍ਹਾਂ ਤਰ੍ਹਾਂ ਦੇ ਫ਼ਲ ਖਿੜੇ ਹੋਏ ਹਨ ਤੇ ਪੰਜਾਬੀ ਵੀ ਉਹਨਾਂ ਵਿਚੋਂ ਇਕ ਮਹਿਕਦਾ ਫਲ ਹੈ। ਜਦੋਂ ਅੰਗਰੇਜ਼ ਸਾਮਰਾਜੀ ਹਿੰਦੁਸਤਾਨ ਵਿਚ ਆਏ ਤਾਂ ਉਹਨਾਂ ਨੇ ਦੇਸੀ ਭਾਸ਼ਾਵਾਂ ਨੂੰ ਕੇਵਲ ਆਪਣੇ ਹੁਕਮ ਲੋਕਾਂ ਤਕ ਪਹੁੰਚਾਣ ਲਈ ਵਰਤਿਆ। ਇਹਨਾਂ ਦੀ ਉੱਨਤੀ ਲਈ ਹੋਰ ਕੁਝ ਨ ਕੀਤਾ। ਸੁਤੰਤਰਤਾ ਤੋਂ ਪਿਛੋਂ ਭਾਰਤੀ ਭਾਸ਼ਾਵਾਂ, ਵਿਸ਼ੇਸ਼ ਕਰ ਕੇ ਪੰਜਾਬੀ, ਤੇ ਦਖਣ ਵਿਚ ਮਲਿਆਲਮ, ਤਿਲਗੂ, ਕਨੜ ਆਦਿ ਭਾਸ਼ਾਵਾਂ ਆਪਣੇ ਗੁਮੇ ਹੋਏ ਸਥਾਨ ਨੂੰ ਮੁੜ ਪ੍ਰਾਪਤ ਕਰ ਰਹੀਆਂ ਹਨ। ਪੰਜਾਬੀ ਵੀ ਬੜੀ ਤੇਜ਼ੀ ਨਾਲ ਉੱਨਤੀ ਦੇ ਖੇਤਰ ਵਲ ਵਧ ਰਹੀ ਹੈ। ਇਸ ਦਾ ਕਾਰਣ ਇਸ ਅੰਦਰ ਪਾਈ ਜਾਂਦੀ ਮਧੁਰਤਾ, ਤਾਜ਼ਗੀ ਅਤੇ ਜ਼ੋਰ (ਓਜ) ਹੈ।

"ਸਾਹਿਤ ਦੇ ਖੇਤਰ ਵਲ ਝਾਤੀ ਮਾਰੀਏ ਤਾਂ ਪੰਜਾਬੀ ਨਾਵਲ ਅਤੇ ਕਵਿਤਾ ਵਿਚ ਵਿਸ਼ੇਸ਼ ਵਾਧਾ ਹੋਇਆ ਹੈ। ਪੰਜਾਬੀ ਸਾਹਿਤ ਜੋ ਪੈਦਾ ਹੋ ਰਹਿਆ ਹੈ, ਬੜਾ ਨਰੋਆ ਹੈ, ਕਿਉਂਜੋ ਇਹ ਪੰਜਾਬੀ ਜਨਤਾ ਦੀ ਪ੍ਰਤੀਨਿਧਤਾ ਕਰਦਾ ਹੈ ਇਸ ਲਈ ਪੰਜਾਬ ਦੀ ਅਸਲੀ ਜ਼ਿੰਦਗੀ ਦਾ ਪ੍ਰਤੀਬਿੰਬ ਹੈ। ਪੰਜਾਬ ਦਾ ਜੀਵਨ ਸੁੱਚਾ ਤੇ ਬਹੁਤ ਸਾਰੀਆਂ ਪਛਮੀ ਬਦਿਅਤਾਂ ਤੋਂ ਪਾਕ ਹੈ। ਪੱਛਮ ਵਿਚ ਸਾਹਿੱਤ-ਫਲ ਪੱਕ ਰੱਸ ਕੇ ਗਲਣਾ ਸ਼ੁਰੂ ਹੋ ਗਇਆ ਹੈ ; ਇਕ ਅਜਬ ਤਰ੍ਹਾਂ ਦੀ ਸੜ੍ਹਾਂਦ ਦਾ ਸ਼ਿਕਾਰ ਹੈ। ਉੱਥੇ ਸਾਹਿੱਤ ਨੂੰ ਪਰਵਾਸਤਵ-ਵਾਦੀਆਂ ਤੇ ਹੋਰ ਉਲਾਰ ਪੁਰਖਾ ਨੇ ਇਕ ਗੋਰਖ ਧੰਦਾ ਬਣਾ ਰਖਿਆ ਹੈ। ਪਰ, ਪੰਜਾਬੀਆਂ ਦਾ ਸਾਹਿੱਤ ਅਜੇਹਾ ਨਹੀਂ ਹੈ। ਇਥੇ ਅਵਾਮ ਦੀ ਜ਼ਿੰਦਗੀ ਦੀ ਤਸਵੀਰ ਖਿੱਚੀ ਹੋਈ ਮਿਲਦੀ ਹੈ।"

ਭਾਸ਼ਾ ਦਾ ਜ਼ਿਕਰ ਕਰਦਿਆਂ ਖ਼੍ਵਾਜਾ ਸਾਹਿਬ ਨੇ ਕਹਿਆ ਕਿ 'ਅਸਲੀ ਸਾਹਿੱਤ ਆਪਣੇ ਆਪ ਨੂੰ ਜਨ-ਸਾਧਾਰਣ ਦੀ ਬੋਲੀ ਨਾਲ ਜੋੜੀ ਰਖਦਾ ਹੈ। ਜਨ-ਸਾਧਾਰਣ ਦੀ ਸਮਝ ਤੋਂ ਦੂਰ ਬੋਲੀ ਸਾਹਿੱਤ ਦੀ ਸਾਖ ਨੂੰ ਵਧਾਂਦੀ ਨਹੀਂ, ਸਗੋਂ ਘਟਾਂਦੀ ਹੈ, ਉਸ ਵਿਚ ਫੋਕਲਾਪਣ ਲੈ ਆਉਂਦੀ ਹੈ, ਜ਼ਬਾਨ ਓਪਰੀ ਓਪਰੀ ਦਿੱਸਣ ਲਗ ਜਾਂਦੀ ਹੈ। ਪੰਜਾਬੀਆਂ ਨੂੰ ਭਾਵੇਂ ਉਹ ਸੰਸਾਰ ਦੇ ਕਿਸੇ ਹਿੱਸੇ ਵਿਚ ਹੋਣ,

ਆਪਣੀ ਜ਼ਬਾਨ ਦੀ ਮੌਲਿਕਤਾ ਤੇ ਨਾਜ਼ ਹੈ। ਇਹੋ ਜੇਹੀ ਭਾਸ਼ਾ ਸਦਾ ਜੀਉਂਦੀ ਜਾਗਦੀ ਰਹਿੰਦੀ ਹੈ; ਕਦੀ ਨਹੀਂ ਮਰਦੀ !'

ਬੋਲੀ ਤੇ ਪੰਜਾਬੀ ਸਾਹਿੱਤ ਦੀ ਉੱਨਤੀ ਲਈ ਸੁਝਾਓ ਦੇਂਦਿਆ ਖ਼੍ਵਾਜਾ ਸਾਹਿਬ ਨੇ ਕਹਿਆ ਕਿ 'ਪੰਜਾਬੀ ਨੂੰ ਚਾਹੀਦਾ ਹੈ ਕਿ ਆਪਣੀ ਉੱਨਤੀ ਲਈ ਮਹਾਨ ਸਨਾਤਨੀ ਰਚਨਾਵਾਂ ਤੇ ਆਪਣੀਆਂ ਭਿੰਨ ਭਿੰਨ ਉਪ ਭਾਸ਼ਾਵਾਂ ਤੇ ਨਿਰਭਰ ਕਰੇ, ਕਿਉਂਜੋ ਕਿਸੇ ਵੀ ਉੱਨਤੀ ਦੀ ਚਾਹਵਾਨ ਭਾਸ਼ਾ ਲਈ ਇਹਨਾਂ ਦੋਹਾਂ ਸਰੋਤਾਂ ਤੋਂ ਸਿੰਚਾਈ ਅਵੱਸ਼ਕ ਹੈ।

ਅਜ ਕਲ ਦੇ ਸਾਹਿਤ ਵਿੱਚ ਵਧ ਰਹੀਆਂ ਵਾਦ-ਗ੍ਰਹਸਤ ਰੁਚੀਆਂ ਦਾ ਜ਼ਿਕਰ ਕਰਦਿਆ ਖ਼੍ਵਾਜਾ ਸਾਹਿਬ ਨੇ ਕਹਿਆ ਕਿ ਵਾਦਾਂ ਦੇ ਅਧੀਨ ਸਾਹਿੱਤ ਵਿਚ ਕਈ ਤਰ੍ਹਾਂ ਦੇ ਪੱਤਨ ਆ ਰਹੇ ਹਨ। ਇਸ ਵਕਤ ਦੀ ਸਥਿਤੀ ਵਿਚ ਪੂੰਜਵਾਦੀ ਸਮਾਜ ਤੇ ਇਸ ਵਿਚਾਰ-ਧਾਰਾ ਹੇਠ ਰਚਿਆ ਗਇਆ ਸਾਹਿੱਤ ਅਧੋਗਤੀ ਦਾ ਸ਼ਿਕਾਰ ਹਨ। ਤਰੱਕੀ ਪਸੰਦ ਅਦਬ ਵਿਚ ਵੀ ਕੁਝ ਭੁਲੇਖੇ ਚਲ ਨਿਕਲੇ ਹਨ। ਇਕ ਇਹ ਕਿ ਤੱਕ੍ਰੀ ਪਸੰਦ ਅਦਬ ਦਾ ਪੁਰਾਤਨ ਸਨਾਤਨੀ ਰਚਨਾਵਾਂ ਨਾਲ ਕੋਈ ਸਰੋਕਾਰ ਨਹੀਂ। ਦੂਜੇ ਇਹ ਕਿ ਤੱਕ੍ਰੀ ਪਸੰਦ ਅਦਬ ਇਕ ਵਿਸ਼ੇਸ਼ ਤਰ੍ਹਾਂ ਦਾ ਪ੍ਰਾਪੇਗੰਡਾ ਕਰੇ। ਅਦਬ ਦਾ ਮਕਸਦ ਪ੍ਰਾਪੇਗੰਡਾ ਨਹੀਂ ਹੈ। ਖਿਆਲਾਂ ਦੀ ਤਰਜਮਾਨੀ ਜ਼ਰੂਰ ਹੋਣੀ ਚਾਹੀਦੀ ਹੈ, ਪਰ ਸਿਧਾ ਪ੍ਰਚਾਰ ਨਹੀਂ। ਸਾਹਿੱਤਕਾਰ ਨੂੰ ਜੀਵਨ ਦਿਖਾਣਾ ਹੀ ਕਾਫ਼ੀ ਨਹੀਂ, ਸਗੋਂ ਬਿਹਤਰ ਜ਼ਿੰਦਗੀ ਲਈ ਪੂਰਣੇ ਪਾਣੇ ਵੀ ਜ਼ਰੂਰੀ ਹਨ।

ਅੰਤ ਵਿਚ ਖ਼੍ਵਾਜਾ ਸਾਹਿਬ ਨੇ ਪੰਜਾਬੀ ਲਈ ਸ਼ੁਭ ਇਛਾਵਾਂ ਪ੍ਰਗਟ ਕਰਦਿਆਂ ਹੋਇਆਂ ਅਤੇ ਹਿੰਦੁਸਤਾਨੀ ਵਿਚ ਬੋਲਣ ਲਈ ਖਿਮਾ ਚਾਹੁੰਦੇ ਹੋਇਆਂ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਕਿ ਉਹਨਾਂ ਨੇ ਖ਼੍ਵਾਜਾ ਸਾਹਿਬ ਨੂੰ ਪੰਜਾਬੀ ਦੇ ਲਿਖਾਰੀਆਂ ਦੇ ਇਸ ਸਮਾਗਮ ਵਿਚ ਇਕੱਠੇ ਹੋਣ ਦਾ ਅਵਸਰ ਦਿਤਾ।

## ਲੇਖ : ਪ੍ਰੋ: ਤ੍ਰਲੋਕ ਸਿੰਘ–

ਖ਼੍ਵਾਜਾ ਸਾਹਿਬ ਦੇ ਉਦਘਾਟਣੀ ਭਾਸ਼ਣ ਤੋਂ ਉਪਰੰਤ ਪ੍ਰੋ: ਤ੍ਰਲੋਕ ਸਿੰਘ 'ਕੰਵਰ', ਖਾਲਸਾ ਕਾਲਿਜ ਅੰਮ੍ਰਿਤਸਰ ਨੇ ਆਪਣੇ ਲੇਖ 'ਪੰਜਾਬੀ ਸਾਹਿੱਤ ਤੇ ਵਾਦ' ਦਾ ਸੰਖੇਪ ਪੜ੍ਹ ਕੇ ਸੁਣਾਇਆ ਤੇ ਲੇਖ ਤੇ ਚਰਚਾ ਸ਼ੁਰੂ ਹੋਈ। ਸਭ ਤੋਂ ਪਹਿਲਾਂ ਸ: ਸੋਹਨ ਸਿੰਘ 'ਜੋਸ਼' ਉੱਠੇ। ਆਪ ਜੀ ਨੇ ਲੇਖ ਦੀ ਭਾਸ਼ਾ ਤੇ ਸਖਤ ਨੁਕਤਾਚੀਨੀ ਕੀਤੀ ਤੇ ਆਖਿਆ ਕਿ ਅਜਿਹੀ ਕਠਿਣ ਬੋਲੀ ਸਾਹਿਤ ਦਾ ਕੁਝ ਨਹੀਂ ਸੰਵਾਰ ਸਕਦੀ ਭਾਵੇਂ ਉਸ ਦੀ ਸੋਧ ਠੀਕ ਹੀ ਕਿਉਂ ਨਾ ਹੋਵੇ। ਲਿਖਾਰੀਆਂ ਨੂੰ ਚਾਹੀਦਾ ਹੈ ਕਿ ਆਮ-ਫਹਿਮ ਬੋਲੀ ਵਿਚ ਲਿਖਿਆ ਕਰਨ। ਉਹਨਾਂ ਨੇ ਖ਼੍ਵਾਜਾ

ਅਹਿਮਦ ਅਬਾਸ ਦੇ ਸੁਝਾਓ ਦੀ ਚਿਤਾਵਨੀ ਕਰਵਾਉਂਦਿਆਂ ਕਹਿਆ ਕਿ ਉਹੋ ਹੀ ਸਾਹਿੱਤ ਕਲਿਆਨਕਾਰੀ ਕਹਿਆ ਜਾ ਸਕਦਾ ਹੈ, ਜਿਸ ਵਿੱਚ ਲੋਕਾਂ ਨਾਲ ਸਿਧੇ ਜਾ ਜੁੜਨ ਦੀ ਸ਼ਕਤੀ ਹੋਵੇ।

ਸ. ਸੋਹਨ ਸਿੰਘ 'ਜੋਸ਼' ਤੋਂ ਉਪਰੰਤ ਸ. ਗੁਰਭਗਤ ਸਿੰਘ ਤੇ ਸ: ਗੁਰਦੇਵ ਸਿੰਘ ਬੱਸੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਕਹਿਆ ਕਿ ਸਿਧਾਂਤਕ ਤੌਰ ਤੇ ਇਹ ਗਲ ਠੀਕ ਹੈ ਕਿ ਲਿਖਤ ਆਮ-ਫਹਿਮ ਹੋਵੇ, ਪਰ ਅਸੀਂ ਇਕ ਗਲ ਭੁਲ ਜਾਂਦੇ ਹਾਂ। ਉਹ ਇਹ ਕਿ ਕਈ ਵਿਸ਼ੇ ਜਨ-ਸਾਧਾਰਣ ਦੀ ਪੱਧਰ ਦੇ ਨਹੀਂ ਹੁੰਦੇ, ਨਾ ਹੀ ਉਹਨਾਂ ਦੇ ਦਾਰਸ਼ਨਿਕ ਤੱਤਾਂ ਨੂੰ ਜਨ-ਸਾਧਾਰਣ ਗ੍ਰਹਿਣ ਕਰ ਸਕਦੇ ਹਨ। ਫੇਰ ਅਜਿਹੇ ਟੈਕਨੀਕਲ ਵਿਸ਼ਿਆਂ ਤੇ ਕਠਿਣ ਪਰਿਭਾਸ਼ਿਕ ਸ਼ਬਦਾਂ ਦੇ ਵਰਤਣ ਦੀ ਵੀ ਅਵਸ਼ੱਕਤਾ ਹੁੰਦੀ ਹੈ। ਅਜਿਹੀ ਹਾਲਤ ਵਿਚ ਲਿਖਾਰੀ ਪਾਸੋਂ ਆਸ ਕਰਨੀ ਕਿ ਉਹ ਜਨ-ਸਾਧਾਰਣ ਦੀ ਬੋਲੀ ਵਿਚ ਲਿਖੇ, ਬਣਦਾ ਢੁਕਦਾ ਨਹੀਂ। ਲਿਖਾਰੀ ਨੂੰ ਵਿਸ਼ੇ ਦੀ ਬਿਖਮਤਾ ਦੇ ਅਨੁਸਾਰ ਔਖਾ ਹੋਣ ਦੀ ਖੁਲ੍ਹ ਦੇਣੀ ਹੀ ਪਵੇਗੀ।

ਸ਼੍ਰੀ ਸ਼ਾਂਤੀ ਦੇਵ ਨੇ ਇਹਨਾਂ ਕਿੰਤੂਆਂ ਦਾ ਉੱਤਰ ਦੇਂਦਿਆਂ ਆਖਿਆ ਕਿ ਔਖੇ ਸ਼ਬਦ ਵਰਤਣ ਨਾਲ ਲੇਖ ਔਖਾ ਨਹੀਂ ਹੋ ਜਾਂਦਾ। ਔਖੇ ਸ਼ਬਦ ਕਈ ਵਾਰ ਵਰਤਣੇ ਹੀ ਪੈਂਦੇ ਹਨ। ਮੁਸ਼ਕਲ ਉੱਥੇ ਬਣਦੀ ਹੈ ਜਿਥੇ ਲਿਖਾਰੀ ਆਪਣੇ ਧੁੰਧਲੇਪਣ ਦੇ ਕਾਰਣ ਜਾਂ ਪੰਡਤਾਈ ਦਾ ਦਿਖਾਵਾ ਕਰਨ ਲਈ ਔਖਾ ਲਿਖਦੇ ਹਨ। ਮੰਦੇ ਭਾਗਾਂ ਨੂੰ ਚਰਚਾ-ਗ੍ਰਹਸਤ ਲੇਖ ਪੇਚ ਦਰ ਪੇਚ ਵਾਕਾਂ ਤੇ ਸ਼ਬਦਾਂ ਦੇ ਇੰਦਰ-ਜਾਲ ਦੇ ਕਾਰਣ ਔਖਾ ਹੋ ਗਇਆ ਹੈ। ਇਸ ਕਾਰਣ ਇਹ ਸ਼ਿਕਾਇਤ ਜਾਇਜ਼ ਹੈ। ਲੇਖ ਦੀ ਭਾਸ਼ਾ ਆਮ ਲੋਕਾਂ ਦੀ ਸਮਝ ਦੀ ਹੋਵੇ ਜਾਂ ਨਾ, ਪਰੰਤੂ ਪੜ੍ਹੀ ਲਿਖੀ ਸ਼੍ਰੇਣੀ ਜੋ ਇਥੇ ਜੁੜੀ ਹੋਈ ਹੈ, ਉਸ ਦੀ ਸਮਝ ਤੋਂ ਬਾਹਰ ਨਹੀਂ ਹੋਣੀ ਚਾਹੀਦੀ ਹੈ, ਨਹੀਂ ਤਾਂ ਗੋਸ਼ਟੀ ਦਾ ਲਾਭ ਨਸ਼ਟ ਹੋ ਜਾਵੇਗਾ।

ਕੁਝ ਸੱਜਣਾਂ ਵਲੋਂ ਇਹ ਇਤਰਾਜ਼ ਵੀ ਕੀਤੇ ਗਏ ਕਿ ਲੇਖ ਕਾਫ਼ੀ ਸਮਾਂ ਪਹਿਲਾਂ ਛੱਪ ਕੇ ਵਿਦਵਾਨਾਂ ਦੇ ਹੱਥ ਵਿਚ ਪਹੁੰਚ ਜਾਣੇ ਚਾਹੀਦੇ ਸਨ ਤਾਂ ਜੋ ਉਹ ਗੋਸ਼ਟੀ ਲਈ ਤਿਆਰ ਹੋ ਕੇ ਆ ਸਕਦੇ ਤੇ ਇਥੇ ਲੇਖ ਦੇ ਪੜ੍ਹਨ ਦਾ ਸਮਾਂ ਵੀ ਬੱਚ ਜਾਂਦਾ।

ਚਰਚਾ ਦੇ ਅੰਤ ਵਿੱਚ ਸਮਾਗਮ ਦੇ ਪ੍ਰਧਾਨ ਭਾਈ ਸਾਹਿਬ ਭਾਈ ਜੋਧ ਸਿੰਘ ਨੇ ਇਸ ਗਲ ਨਾਲ ਸੰਮਤੀ ਪ੍ਰਗਟ ਕੀਤੀ ਕਿ ਕਠਿਣ ਭਾਸ਼ਾ ਵਿਚ ਲਿਖਿਆ ਲੇਖ ਆਪਣਾ ਮੰਤਵ ਖੋ ਬੈਠਦਾ ਹੈ। ਲੇਖ ਦੀ ਸਮਝ ਦਾ ਘੇਰਾ ਵਿਸ਼ਾਲ ਤੋਂ ਵਿਸ਼ਾਲ ਹੋਣਾ ਚਾਹੀਦਾ ਹੈ। ਬਨਾਵਟੀ ਜਿਹੀ ਭਾਸ਼ਾ ਘੜ ਕੇ ਕੁਝ ਲਿਖ ਲੈਣਾ, ਅਜਿਹਾ ਜਿਸ ਨੂੰ ਕੇਵਲ ਲੇਖਕ ਹੀ ਸਮਝੇ ਜਾਂ ਦੂਜਿਆਂ ਨੂੰ ਸਮਝਾਉਣ ਲਈ ਉਸ ਨੂੰ ਆਪ

ਹੀ ਖੇਚਲ ਕਰਨੀ ਪਵੇ, ਸਾਹਿੱਤ ਵਿਚ ਵਾਧਾ ਨਹੀਂ ਕਰ ਸਕਦਾ । ਨੌਜਵਾਨ ਲਿਖਾਰੀਆਂ ਨੂੰ ਇਹ ਗਲ ਪੱਲੇ ਬੰਨ੍ਹ ਲੈਣੀ ਚਾਹੀਦੀ ਹੈ ।

ਸ. ਤਰਲੋਕ ਸਿੰਘ ਕੰਵਰ ਦੇ ਲੇਖ ਤੋਂ ਬਿਨਾਂ ਸ. ਜਸਬੀਰ ਸਿੰਘ ਆਹਲੂਵਾਲੀਆ ਨੇ ਵੀ ਇਕ ਲੇਖ ਇਸੇ ਵਿਸ਼ੇ ਤੇ ਛਪਵਾ ਕੇ ਆਪਣੀ ਵਲੋਂ ਵੰਡਿਆ । ਇਹ ਲੇਖ ਅੰਗ੍ਰੇਜ਼ੀ ਵਿਚ ਸੀ । ਪ੍ਰਧਾਨ ਜੀ ਨੇ ਆਹਲੂਵਾਲੀਆ ਸਾਹਿਬ ਨੂੰ ਆਪਣੇ ਲੇਖ ਦਾ ਸਾਰੰਸ਼ ਪੰਜਾਬੀ ਵਿਚ ਦੱਸਣ ਲਈ ਕਹਿਆ, ਪਰ ਆਹਲੂਵਾਲੀਆ ਸਾਹਿਬ ਨੇ ਪੰਜਾਬੀ ਵਿਚ ਬੋਲਣ ਤੋਂ ਅਸਮਰਥਾ ਪ੍ਰਗਟ ਕੀਤੀ ।

ਲਿਖਾਰੀਆਂ ਦਾ ਇਹ ਪਹਿਲਾ ਸਮਾਗਮ ਦੁਪਹਿਰ ਦੇ ਠੀਕ ਇਕ ਵਜੇ ਖਤਮ ਹੋਇਆ ।

## ( ੨੧ ਮਈ, ਸ਼ਨਿਚਰਵਾਰ—ਦੁਪਹਿਰ ਦਾ ਸਮਾਗਮ )

**ਅਧਿਆਪਕ ਤੇ ਪੱਤਰਕਾਰ ਵਿਭਾਗੀ ਕਾਨਫਰੰਸਾਂ—** ਤਿੰਨ ਵਜੇ ਦੁਪਹਿਰ ਅਧਿਆਪਕ ਕਾਨਫਰੰਸ ਆਰੰਭ ਹੋਈ। ਇਸ ਦੀ ਪ੍ਰਧਾਨਗੀ ਪ੍ਰੋ: ਓ. ਪੀ. ਕਹੋਲ ਨੇ ਕੀਤੀ । ਇਸ ਸਮਾਗਮ ਵਿਚ ਅਧਿਆਪਕਾਂ ਦੀਆਂ ਭਿੰਨ ਭਿੰਨ ਸਮਸਿਆਵਾਂ ਤੇ ਚਰਚਾ ਹੋਈ । ਤੇ ਕਈ ਮਤੇ ਪਾਸ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਅੰਕ ਵਿਚ ਅਗੇ ਦਿੱਤਾ ਗਇਆ ਹੈ । ਇਸੇ ਸਮੇਂ ਇਕ ਦੂਸਰੇ ਪੰਡਾਲ ਵਿੱਚ 'ਪੱਤਰਕਾਰ ਵਿਭਾਗੀ ਕਾਨਫਰੰਸ' ਸ. ਸੋਹਨ ਸਿੰਘ 'ਜੋਸ਼' ਦੀ ਪ੍ਰਧਾਨਗੀ ਹੇਠ ਹੋਈ । ਇਸ ਦਾ ਆਰੰਭ ਗਿਆਨੀ ਹੀਰਾ ਸਿੰਘ 'ਦਰਦ' ਨੇ ਕੀਤਾ । ਇਸ ਵਿਚ ਪੰਜਾਬੀ ਪੱਤਰਕਾਰਾਂ ਦੀਆਂ ਸਮਸਿਆਵਾਂ ਤੇ ਇਕ ਖੁਲ੍ਹੀ ਵਿਚਾਰ ਤੋਂ ਉਪਰੰਤ ਕਈ ਮਤੇ ਪਾਸ ਹੋਏ, ਜੋ ਅੱਗੇ ਦਿਤੇ ਗਏ ਹਨ ।

**ਪੁਸਤਕ ਪ੍ਰਦਰਸ਼ਨੀ—** ਪੰਜਾਬੀ ਸਾਹਿੱਤ ਅਕਾਡਮੀ ਵਲੋਂ ਸਦਾ ਵਾਂਗ ਇਸ ਸਾਲ ਵੀ ਇਕ ਪੁਸਤਕ ਪ੍ਰਦਰਸ਼ਨੀ ਕੀਤੀ ਗਈ । ਇਸ ਦਾ ਉਦਘਾਟਣ ਸ੍ਰੀਮਾਨ ਡਾ.ਗੰਡਾ ਸਿੰਘ ਜੀ ਡਾਇਰੈਕਟਰ (ਰਿਟਾਇਰਡ) ਆਰਕਾਈਵਜ਼, ਪਟਿਆਲਾ) ਨੇ ਕੀਤਾ । ਇਸ ਪ੍ਰਦਰਸ਼ਨੀ ਵਿਚ ਨਵ-ਛਪੀਆਂ ਪੁਸਤਕਾ ਤੋਂ ਇਲਾਵਾ ਦੋ ਕੁ ਸੌ ਦੁਰਲੱਭ ਹੱਥ-ਲਿਖਤਾਂ ਵੀ ਦਿਖਾਈਆਂ ਗਈਆਂ, ਜੋ ਇਸ ਵਕਤ ਭਾਸ਼ਾ ਵਿਭਾਗ, ਪਟਿਆਲਾ ਤੇ ਰਿਕਾਰਡ ਆਫ਼ਿਸ ਪਾਸ ਸੁਰਖਿਅਤ ਹਨ । ਇਹਨਾਂ ਵਿਚ ਕੁਝ ਹੱਥ-ਲਿਖਤਾਂ ਪੰਜਾਬੀ ਸਾਹਿੱਤ ਅਕਾਡਮੀ ਦੀਆਂ ਵੀ ਸਨ । ਇਸ ਦਾ ਪ੍ਰਬੰਧ ਭਾਸ਼ਾ ਵਿਭਾਗ ਤੇ ਰਿਕਾਰਡ ਔਫ਼ਿਸ ਦੇ ਕਰਮਚਾਰੀਆਂ ਨੇ ਕੀਤਾ, ਜਿਸ ਲਈ ਅਸੀਂ ਉਹਨਾਂ ਦੇ ਅਤਿਅੰਤ ਰਿਣੀ ਹਾਂ ।

**ਕਲਾ ਪ੍ਰਦਰਸ਼ਨੀ—** ਇਸ ਸਮੇਂ ਇਕ ਦੂਜੇ ਹਾਲ ਵਿਚ ਕਲਾ ਪ੍ਰਦਰਸ਼ਨੀ ਦਾ ਪ੍ਰਬੰਧ ਕੀਤਾ ਗਇਆ ਜਿਸ ਵਿੱਚ ਪੰਜਾਬ ਦੇ ਚਿਤ੍ਰਕਾਰਾਂ ਵਿਸ਼ੇਸ਼ ਕਰ ਕੇ ਸ.

ਸੋਭਾ ਸਿੰਘ ਜੀ ਦੇ ਕੁਝ ਅਦੁੱਤੀ ਚਿੱਤ੍ਰ ਪੇਸ਼ ਕੀਤੇ ਗਏ । ਪਾਰਖੂ ਸੱਜਣਾਂ ਨੇ ਇਸ ਕਲਾ-ਪ੍ਰਦਰਸ਼ਨੀ ਦੀ ਬਹੁਤ ਸ਼ਲਾਘਾ ਕੀਤੀ । ਇਸ ਦਾ ਉਦਘਾਟਣ ਪ੍ਰਸਿਧ ਚਿੱਤ੍ਰਕਾਰ ਸ. ਸੋਭਾ ਸਿੰਘ ਜੀ ਨੇ ਕੀਤਾ ।

**ਸਾਹਿੱਤ-ਸਮਾਰੋਹ (ਦੂਜੀ ਬੈਠਕ)**—ਲਿਖਾਰੀਆਂ ਦੇ ਦੂਜੇ ਸਮਾਗਮ ਦਾ ਅਰੰਭ ੨੧—੫—੬੦ ਨੂੰ ਸ਼ਾਮ ਦੇ ਸਾਢੇ ਪੰਜ ਵਜੇ ਹੋਇਆ। ਇਸ ਸਮਾਗਮ ਦੀ ਪ੍ਰਧਾਨਗੀ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ ਕੀਤੀ ਤੇ ਉਦਘਾਟਨ ਪ੍ਰੋ: ਡੀ. ਸੀ. ਸ਼ਰਮਾ ਨੇ ।

### ਭਾਸ਼ਣ : ਪ੍ਰੋ: ਡੀ. ਸੀ. ਸ਼ਰਮਾ–

ਆਪਣੇ ਭਾਸ਼ਣ ਦਾ ਅਰੰਭ ਕਰਦਿਆਂ ਆਖਿਆ ਕਿ ਲੋਕਾਂ ਨੂੰ ਇਕੱਠਾ ਰਖਣ ਵਾਲੀ ਸ਼ਕਤੀ ਉਨ੍ਹਾਂ ਦੀ ਮਾਤ-ਭਾਸ਼ਾ ਹੁੰਦੀ ਹੈ। ਇਸੇ ਵਿਚ ਕਿਸੇ ਕੌਮ ਦੀ ਸ਼ਕਤੀ ਦਾ ਭੇਤ ਲੁਕਿਆ ਹੋਇਆ ਹੈ । ਪੰਜਾਬੀ ਇਕ ਨਿਰੋਈ ਭਾਸ਼ਾ ਹੈ, ਜੋ ਦੂਸਰੀਆਂ ਉਨਤ ਭਾਸ਼ਾਵਾਂ ਕਰਕੇ ਪੱਛਮੀ ਭਸ਼ਾਵਾਂ ਤੋਂ ਇਕ ਪੱਖ ਵਿਚ ਵਿਭਿੰਨ ਹੈ। ਉਹ ਇਹ ਕਿ ਦੂਜੀਆਂ ਭਾਸ਼ਾਵਾਂ ਬੋਲ ਚਾਲ ਦੀ ਜ਼ਬਾਨ ਤੋਂ ਦੂਰ ਹਨ; ਬਣਾਵਟੀ ਜਾਪਦੀਆਂ ਹਨ । ਪਰ ਪੰਜਾਬੀ ਬੋਲ ਚਾਲ ਦੀ ਭਾਸ਼ਾ ਦੇ ਨੇੜੇ ਹੈ, ਅਤੇ ਮੈਂ ਪੰਜਾਬੀਆਂ ਨੂੰ ਇਹ ਬੇਨਤੀ ਵੀ ਕਰਾਂਗਾ ਕਿ ਲਗਦੀ ਵਾਹ ਪੰਜਾਬੀ ਭਾਸ਼ਾ ਨੂੰ ਬਣਾਵਟੀ ਨਾ ਬਣਨ ਦੇਣ । ਇਕ ਨਿੰਦਨੀ ਰੁਚੀ ਬਾਹਰਲੇ ਦੇਸ਼ਾਂ ਤੇ ਭਾਰਤ ਵਿਚ ਵੀ, ਜ਼ਬਾਨ ਨੂੰ Synthetic (ਸੰਜੋਗਆਤਮਿਕ) ਬਣਾਉਣ ਦੀ ਹੈ । ਇਸ ਤੋਂ ਪੰਜਾਬੀ ਨੂੰ ਬਚਾਉਣਾ ਜ਼ਰੂਰੀ ਹੈ। ਇਹ ਨਾ ਹੋਵੇ ਕਿ ਲਿਖਣ ਵਾਲੇ ਤਾਂ ਕਮਾਲ ਕਰਨ ਪਰ ਪੜ੍ਹਨ ਵਾਲਿਆਂ ਨੂੰ ਸਮਝ ਹੀ ਨਾ ਆਵੇ। ਆਮ ਜਨਤਾ ਦੀ ਸਮਝ ਤੋਂ ਉਪਰ ਨਹੀਂ ਜਾਣਾ ਚਾਹੀਦਾ ।

ਪ੍ਰੋ: ਸ਼ਰਮਾ ਨੇ ਲੇਖਕਾਂ ਨੂੰ ਅਪੀਲ ਕਰਦਿਆਂ ਪ੍ਰੇਰਨਾ ਕੀਤੀ ਕਿ 'ਉਹ ਹਿੰਦੁਸਤਾਨ ਦੀ ਏਕਤਾ ਦਾ ਪ੍ਰਚਾਰ ਕਰਨ। ਕੋਈ ਅਜੇਹੀ ਚੀਜ਼ ਪੈਦਾ ਨਾ ਕਰਨ ਜੋ ਹਿੰਦੁਸਤਾਨ ਦੀ ਸੰਗਠਨਤਾ ਤੇ ਸੱਟ ਮਾਰੇ। ਸਾਹਿੱਤ ਤੇ ਦੇਸ਼ ਦਾ ਬੜਾ ਨੇੜੇ ਦਾ ਸੰਬੰਧ ਹੁੰਦਾ ਹੈ। ਪੰਜਾਬੀ ਸਾਹਿਤ ਨੂੰ ਪੰਜਾਬੀ ਜੀਵਨ ਦਾ ਪ੍ਰਤੀਬਿੰਬ ਬਣਾਉਣਾ ਚਾਹੀਦਾ ਹੈ। ਇਸ ਵਿਚ ਪੰਜਾਬ ਦੀ ਰੂਹ ਉਦੀਪਤ ਹੋਣੀ ਚਾਹੀਦੀ ਹੈ।' ਆਪ ਨੇ ਸੰਤੁਸ਼ਟੀ ਪ੍ਰਗਟ ਕੀਤੀ ਕਿ ਪੰਜਾਬੀ ਲੇਖਕ ਨਿਰੋਆ ਸਾਹਿੱਤ ਪੈਦਾ ਕਰ ਰਹੇ ਹਨ। ਇਸ ਉੱਨਤੀ ਦੀ ਰਫਤਾਰ ਵੀ ਅਜੋਕੇ ਰਾਕਟ ਯੁਗ ਦੇ ਅਨਕੂਲ ਹੈ। ਇਹ ਇਕ ਬੜੀ ਸੰਤੋਖ-ਜਨਕ ਪ੍ਰਾਪਤੀ ਹੈ।

ਪੰਜਾਬ ਵਿਚ ਪੰਜਾਬੀ ਸਾਹਿੱਤ ਅਕਾਡਮੀ ਦੀ ਸਥਾਪਣਾ ਦਾ ਜ਼ਿਕਰ ਕਰਦਿਆਂ ਪ੍ਰੋ: ਸ਼ਰਮਾ ਨੇ ਕਿਹਾ ਕਿ ਇਹ ਇਕ ਐਸਾ ਮਹਾਨ ਕੰਮ ਹੈ ਜਿਸ ਦਾ ਮੂਲ

ਇਤਿਹਾਸ ਹੀ ਪਾਵੇਗਾ। ਇਹ ਸਭ ਪੰਜਾਬੀਆਂ ਦਾ ਇਕ ਸਾਂਝਾ ਮੰਦਰ ਹੈ। ਇਸ ਨੇ ਪੰਜਾਬੀ ਦੇ ਸਾਹਿੱਤ ਰਸੀਆਂ ਨੂੰ ਭਾਵੇਂ ਉਹ ਕਿਸੇ ਵੀ ਸ਼੍ਰੇਣੀ ਜਾਂ ਮੱਤ ਦੇ ਹਨ, ਇਕ ਥਾਂ ਤੇ ਇਕੱਠਾ ਕਰ ਦਿੱਤਾ ਹੈ ਅਤੇ ਉਹ ਮਿਲਕੇ ਆਪਣੀ ਮਾਤ-ਭਾਸ਼ਾ ਦੀ ਸੇਵਾ ਵਿਚ ਜੁਟੇ ਹੋਏ ਹਨ। ਇਹ ਗਲ ਕਿੰਨੀ ਸੰਤੋਸ਼ ਜਨਕ ਹੈ।

ਭਾਰਤੀ ਲਿਖਾਰੀਆਂ ਦੀਆਂ ਆਰਥਕ ਔਕੜਾਂ ਦਾ ਜ਼ਿਕਰ ਕਰਦਿਆਂ ਹੋਇਆਂ ਪ੍ਰੋ: ਸ਼ਰਮਾ ਨੇ ਆਖਿਆ ਕਿ ਇੰਜ ਪ੍ਰਤੀਤ ਹੁੰਦਾ ਹੈ ਕਿ ਪ੍ਰਮਾਤਮਾ ਨੇ ਜੇ ਕਿਸੇ ਪ੍ਰਾਣੀ ਨੂੰ ਸਜ਼ਾ ਦੇਣੀ ਹੋਵੇ ਤਾਂ ਉਹ ਉਸ ਨੂੰ ਭਾਰਤ ਵਿਚ ਲੇਖਕ ਜਾਂ ਅਧਿਆਪਕ ਬਣਾ ਕੇ ਤੋਰ ਦਿੰਦਾ ਹੈ । ਫਿਰ ਉਸ ਨੂੰ ਭੁਖ-ਨੰਗ ਦੀ ਕੋਈ ਘਾਟ ਨਹੀਂ ਰਹਿੰਦੀ। ਪਰ ਲੇਖਕ ਅਜਿਹਾ ਸੋਨਾ ਹਨ, ਜੋ ਕੇਵਲ ਇਸ ਅੱਗ ਵਿਚ ਹੀ ਪੈਕੇ ਨਿੱਖਰ ਸਕਦਾ ਹੈ। ਔਕੜਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਇਹ ਉਹਨਾਂ ਦੇ ਅਨੁਭਵ ਨੂੰ ਤੀਬਰ ਕਰਨ ਲਈ ਇੱਨੀਆਂ ਹੀ ਜ਼ਰੂਰੀ ਹੁੰਦੀਆਂ ਹਨ ਜਿੰਨੀਆਂ ਕਿ ਭੁਖ ਨੂੰ ਚਮਕਾਉਣ ਲਈ ਲਵਨ-ਭਾਸਕਰ ਚੂਰਨ।

ਸ਼ਰਮਾ ਜੀ ਦੇ ਉਦਘਾਟਨੀ ਭਾਸ਼ਨ ਤੋਂ ਪਿਛੋਂ ਸਰਦਾਰ ਸ਼ਮਸ਼ੇਰ ਸਿੰਘ 'ਅਸ਼ੋਕ' ਨੇ ਆਪਣਾ ਲੇਖ 'ਪੰਜਾਬੀ ਵਿਚ ਸ਼ਬਦ ਸਿਰਜਨ ਦੀ ਸਮੱਸਿਆ' ਪੜ੍ਹਿਆ। ਇਸ ਉਪਰ ਸਮੇਂ ਦੀ ਥੁੜ ਦੇ ਕਾਰਨ ਬਹੁਤੀ ਵਿਚਾਰ ਨਾ ਹੋ ਸਕੀ। ਕੇਵਲ ਸ੍ਰੀ ਸ਼ਾਨਤੀ ਦੇਵ ਨੇ ਹੀ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਦੇ ਵਿਚਾਰ ਅਨੁਸਾਰ ਲੇਖਕ ਨੇ ਸਮੱਸਿਆ ਨੂੰ ਛੋਹਿਆ ਹੀ ਨਹੀਂ ਸੀ। ਵਿਆਕਰਣ ਜਾਂ ਸ਼ਬਦ-ਸਿਰਜਨ ਵਿਚ ਕੰਮ ਆਉਂਦੇ ਪ੍ਰਤਯ ਉਪਸਰਗਾਂ ਆਦਿ ਦਾ ਵਰਨਣ ਸਮਸਿਆ ਨੂੰ ਅੱਖਾਂ ਸਾਹਮਣੇ ਨਹੀਂ ਲਿਆਉਂਦਾ । ਵੱਡੀ ਸਮਸਿਆ ਇਹ ਹੈ ਕਿ ਪੰਜਾਬੀ ਆਪਣੀਆਂ ਨਿਤ ਵਧਦੀਆਂ ਲੋੜਾਂ ਲਈ ਸ਼ਬਦ ਕਿਥੋਂ ਲਵੇ : ਸੰਸਕ੍ਰਿਤ ਵਿਚੋਂ ਤਤਸਮ ਰੂਪ ਵਿਚ ਲਵੇ ਜਾਂ ਤਤਭਵ ਰੂਪ ਵਿਚ, ਫਾਰਸੀ ਦੇ ਸ਼ਬਦਾਂ ਨੂੰ ਕਢਿਆ ਜਾਏ ਜਾਂ ਨਾ, ਤੇ ਜੇ ਫਾਰਸੀ ਦੇ ਸ਼ਬਦਾਂ ਦੀ ਵਰਤੋਂ ਕਰਨੀ ਹੀ ਹੈ ਤਾਂ ਉਨ੍ਹਾਂ ਦਾ ਸਰੂਪ ਕਿਹੜਾ ਹੋਵੇ ? ਇਸੇ ਤਰ੍ਹਾਂ ਪਰਿ-ਭਾਸ਼ਕ ਸ਼ਬਦ ਕਿਥੋਂ ਲਏ ਜਾਣ ਜਾਂ ਕਿਵੇਂ ਘੜੇ ਜਾਣ ? ਵਕਤਾ ਦੇ ਆਪਣੇ ਮੱਤ ਅਨੁਸਾਰ ਇਹ ਸ਼ਬਦ ਸੰਸਕ੍ਰਿਤ ਵਿਚੋਂ ਤਤਸਮ ਰੂਪ ਵਿਚ ਲੈਣੇ ਉਚਿਤ ਹਨ। ਸੰਸਕ੍ਰਿਤ ਤੋਂ ਸ਼ਬਦ ਲੈਣ ਨਾਲ ਬੋਲੀ ਔਖੀ ਨਹੀਂ ਹੁੰਦੀ। ਬੋਲੀ ਔਖੀ ਤਾਂ ਵਾਕ ਲੰਮੇਰੇ ਤੇ ਗੁੰਝਲਦਾਰ ਕਰਨ ਨਾਲ ਬਣਦੀ ਹੈ। ਪੰਜਾਬੀ ਦੇ ਸ਼ਬਦ-ਭੰਡਾਰ ਨੂੰ ਭਰਨ ਲਈ ਉਸ ਦੀਆਂ ਉਪ-ਭਾਸ਼ਾਵਾਂ ਜਾਂ ਫਿਰ ਗੁਆਂਢੀ ਬੋਲੀਆਂ ਤੋਂ ਸ਼ਬਦ ਲਏ ਜਾ ਸਕਦੇ ਹਨ। ਵਕਤਾ ਦੇ ਮੱਤ ਅਨੁਸਾਰ ਭਾਸ਼ਾਂ ਦੀ ਉੱਨਤੀ ਲਈ ਪ੍ਰਾਯਵਾਚੀ ਸ਼ਬਦਾਂ ਦੇ ਭੰਡਾਰ ਦੀ ਬਹੁਤ ਲੋੜ ਹੈ।

**ਸਭਿਆਚਾਰਕ ਪ੍ਰੋਗ੍ਰਾਮ**—੨੧ ਤਰੀਖ ਰਾਤ ਨੂੰ ਅੱਠ ਵਜੇ ਸਭਿਆਚਾਰਕ

ਪ੍ਰੋਗ੍ਰਾਮ ਸ਼ੁਰੂ ਹੋਇਆ । ਇਸ ਦਾ ਉਦਘਾਟਨ ਤੇ ਪ੍ਰਧਾਨਗੀ ਕਰਨਲ ਨਰਿੰਦਰਪਾਲ ਸਿੰਘ ਨੇ ਕੀਤੀ । ਕਲਚਰਲ ਪ੍ਰੋਗ੍ਰਾਮ ਵਿਚ ਸਥਾਨਕ ਕਲਾਕਾਰਾਂ, ਵਿਸ਼ੇਸ਼ ਕਰ ਕੇ ਐਨ. ਡੀ. ਐਸ. ਦੇ ਵਿਦਿਆਰਥੀਆਂ ਨੇ ਵਿਸ਼ੇਸ਼ ਭਾਗ ਲਿਆ । ਪੰਡਾਲ ਦਰਸ਼ਕਾਂ ਨਾਲ ਖਚਾ-ਖਚ ਭਰਿਆ ਹੋਣ ਦੇ ਬਾਵਜੂਦ, ਸਾਰਾ ਹੀ ਪ੍ਰੋਗ੍ਰਾਮ ਬੜੀ ਧੀਰਜ ਨਾਲ ਸੁਣਿਆ ਤੇ ਵੇਖਿਆ ਗਿਆ । ਇੰਨਾ ਚੰਗਾ ਪ੍ਰੋਗ੍ਰਾਮ ਕਰਨ ਲਈ ਅਸੀਂ ਪ੍ਰਬੰਧਕਾਂ ਤੇ ਕਲਾਕਾਰਾਂ ਨੂੰ ਹਾਰਦਿਕ ਵਧਾਈ ਦਿੰਦੇ ਹਾਂ ।

## ( ੨੨ ਮਈ ਐਤਵਾਰ )

## ਸਵਾਗਤੀ ਭਾਸ਼ਣ : ਭਗਤ ਜਸਵੰਤ ਸਿੰਘ -

ਕਾਨਫ੍ਰੰਸ ਦੇ ਦੂਜੇ ਦਿਨ ਅਥਵਾ ੨੨ ਮਈ ਐਤਵਾਰ ਦਾ ਸਮਾਗਮ, ਦਿਨ ਦੇ ਗਿਆਰਾਂ ਵਜੇ, ਸਮਾਗਮ ਦੇ ਪ੍ਰਧਾਨ ਡਾਕਟਰ ਸ੍ਰੀਮਾਲੀ ਜੀ ਦੇ ਆਉਣ ਤੇ ਅਰੰਭ ਹੋਇਆ । ਸਭ ਤੋਂ ਪਹਿਲਾਂ ਬੀਬੀਆਂ ਨੇ ਭਾਰਤ ਮਾਤਾ ਲਈ ਪਿਆਰ ਤੇ ਸ਼ਰਧਾ ਭਰਿਆ ਇਕ ਗੀਤ ਗਾਇਆ । ਉਸ ਤੋਂ ਉਪ੍ਰੰਤ ਪ੍ਰਧਾਨ ਜੀ ਨੂੰ 'ਜੀ ਆਇਆਂ' ਕਹਿਣ ਲਈ ਇਕ ਹੋਰ ਗੀਤ ਪੇਸ਼ ਕੀਤਾ ਗਇਆ । ਉਸ ਤੋਂ ਉਪਰੰਤ ਸੁਆਗਤ ਕਮੇਟੀ ਦੇ ਮੀਤ ਪ੍ਰਧਾਨ ਭਗਤ ਜਸਵੰਤ ਸਿੰਘ ਜੀ ਵਲੋਂ ਡਾਕਟਰ ਸ੍ਰੀਮਾਲੀ ਜੀ ਨੂੰ ਸੁਆਗਤੀ ਭਾਸ਼ਨ ਵਿਚ ਭਗਤ ਜਸਵੰਤ ਸਿੰਘ ਜੀ ਨੇ ਕਿਹਾ ਕਿ ਪੰਜਾਬੀ ਬੋਲੀ ਬਹੁਤ ਪੁਰਾਣੀ ਹੈ ਤੇ ਇਸ ਦੇ ਸ਼ਬਦ-ਭੰਡਾਰ ਵਿਚ ਅਨੇਕਾਂ ਸੰਸਕ੍ਰਿਤ ਸ਼ਬਦ ਤਤਸਮ ਤੇ ਤਦਭਵ ਰੂਪਾਂ ਵਿਚ ਸੁਰਖਿਅਤ ਹਨ । ਭਾਵੇਂ ਇਸ ਨੂੰ 'ਜਟਕੀ' ਭਾਸ਼ਾ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ ਪਰ ਇਹ ਪੁਰਾਤਨ ਹਿੰਦਵੀ ਤੇ ਅਧੁਨਿਕ ਹਿੰਦੀ ਤੇ ਉਰਦੂ ਦੀ ਜਨਣੀ ਹੈ । ਇਸ ਬੋਲੀ ਵਿਚ ਸਰਲਤਾ ਸਾਦਗੀ ਤੇ ਓਜ ਦੇ ਗੁਣ ਹਨ ਤੇ ਆਪਣੇ ਖੜਕੇ ਦੜਕੇ ਦੇ ਕਾਰਨ ਵਿਸ਼ੇਸ਼ ਲਹਿਜਾ ਰਖਦੀ ਹੈ । ਦੂਸਰੀਆਂ ਭਾਸ਼ਾਵਾਂ ਤੋਂ ਸ਼ਬਦ ਬੜੇ ਸੁਖੈਣ ਢੰਗ ਨਾਲ ਅਪਣਾ ਲੈਣੇ ਜਾਂ ਲੋੜ ਅਨੁਸਾਰ ਨਵੇਂ ਸਮਾਸ ਘੜ ਲੈਣੇ ਇਸ ਦਾ ਵਿਸ਼ੇਸ਼ ਗੁਣ ਹੈ । ਇਸ ਦੇ ਗੀਤ ਸੂਰਮਤਾਈ ਤੇ ਨਿਰਭੈਤਾ ਨਾਲ ਭਰੇ ਹੋਏ ਹਨ । ਬਾਵਜੂਦ ਇੱਨੇ ਗੁਣ ਹੋਣ ਦੇ ਇਹ ਉਸ ਟੀਸੀ ਤਕ ਨਹੀਂ ਪੁਜ ਸਕੀ ਜਿਸ ਤਕ ਕਿ ਇਸ ਨੂੰ ਪੁਜਣਾ ਚਾਹੀਦਾ ਸੀ । ਕਾਰਨ ਇਸ ਵਲ ਅਣਗਹਿਲੀ ਹੈ । ਲੋੜ ਹੈ ਕਿ ਇਸ ਨੂੰ ਛੇਤੀ ਹੀ ਦਫਤਰਾਂ ਤੇ ਕਚਹਿਰੀਆਂ ਦੀ ਸਰਕਾਰੀ ਭਾਸ਼ਾ ਨਿਯਤ ਕਰ ਦਿੱਤਾ ਜਾਵੇ । ਇਸ ਨਾਲ ਇਸ ਦੀ ਉਨਤੀ ਛੇਤੀ ਹੋ ਸਕੇਗੀ । ਮੈਂ ਸਰਕਾਰ ਅੱਗੇ ਬੇਨਤੀ ਕਰਦਾ ਹਾਂ ਕਿ ਭਾਸ਼ਾ ਸਬੰਧੀ ਕੀਤੇ ਫੈਸਲਿਆਂ ਨੂੰ ਦ੍ਰਿੜ੍ਹਤਾ ਨਾਲ ਅਮਲ ਵਿਚ ਲਿਆਵੇ ਤੇ ਘਟ-ਗਿਣਤੀਆਂ ਨੂੰ ਆਗਿਆ ਨਾ ਦੇਵੇ ਜੋ ਕਿ ਪੰਜਾਬੀ ਦੀ ਉਨਤੀ ਦੇ ਰਾਹ ਵਿਚ ਖੜੀਆਂ ਹੋਣ ।

ਪੰਜਾਬੀ ਦੀ ਲਿਪੀ ਦਾ ਪ੍ਰਸ਼ਨ ਇਸ ਸਮੇਂ ਵਿਸ਼ੇਸ਼ ਐਜੀਟੇਸ਼ਨ ਦਾ ਕਾਰਨ ਬਣਿਆ ਹੋਇਆ ਏ। ਬੋਲੀਆਂ ਨਾਲ ਵਿਸ਼ੇਸ਼ ਵਿਸ਼ੇਸ਼ ਲਿਪੀਆਂ ਸਮੇਂ ਦੀ ਚਾਲ ਨਾਲ ਸਬੰਧਿਤ ਹੋ ਜਾਇਆ ਕਰਦੀਆਂ ਹਨ। ਪੰਜਾਬੀ ਦੀ ਲਿਪੀ ਗੁਰਮੁਖੀ ਹੈ। ਦੇਸ਼ ਦੀ ਭਲਾਈ ਮੰਗ ਕਰਦੀ ਹੈ ਕਿ ਪੰਜਾਬੀ ਬੋਲੀ ਨੂੰ ਗੁਰਮੁਖੀ ਲਿਪੀ ਨਾਲ ਜੁੜਿਆ ਰਹਿਣ ਦਿੱਤਾ ਜਾਵੇ।

**ਭਾਸ਼ਣ : ਭਾਈ ਜੋਧ ਸਿੰਘ—**

ਸੁਆਗਤੀ ਭਾਸ਼ਨ ਤੋਂ ਉਪਰੰਤ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਭਾਈ ਸਾਹਿਬ ਭਾਈ ਜੋਧ ਸਿੰਘ ਜੀ ਨੇ ਇਕ ਸੰਖੇਪ ਤਕਰੀਰ ਕਰਦਿਆਂ ਕਹਿਆ ਕਿ ਪੰਜਾਬੀ ਸਾਹਿੱਤ ਅਕਾਡਮੀ ਦੀ ਨੀਂਹ ਕਿਸੇ ਰਾਜਨੀਤਕ ਵਿਚਾਰ-ਧਾਰਾ ਨੂੰ ਚਲਾਉਣ ਲਈ ਨਹੀਂ ਰਖੀ ਗਈ। ਇਹ ਸੰਸਥਾ ਕੇਵਲ ਪੰਜਾਬੀ ਦੇ ਪਿਆਰ ਵਿਚੋਂ ਉਪਜੀ ਹੈ। ਇਸੇ ਕਾਰਨ ਇਸ ਵਿਚ ਆਪ ਸਭ ਤਰ੍ਹਾਂ ਦੀਆਂ ਵਿਚਾਰ-ਧਾਰਾਂ ਦੇ ਲੋਕ ਵੇਖੋਗੇ। ਇਸ ਸੰਸਥਾ ਦਾ ਮੰਤਵ ਕੇਵਲ ਪੰਜਾਬੀ ਦੀ ਉਨਤੀ ਹੀ ਨਹੀਂ, ਦੇਸ਼ ਦੀਆਂ ਹੋਰ ਭਾਸ਼ਾਵਾਂ ਵਿਸ਼ੇਸ਼ ਕਰ ਕੇ ਰਾਸ਼ਟ੍ਰ-ਭਾਸ਼ਾ ਹਿੰਦੀ ਦੀ ਵੀ ਉਨਤੀ ਹੈ। ਸਾਡਾ ਕਿਸੇ ਭਾਸ਼ਾ ਨਾਲ ਵਿਰੋਧ ਨਹੀਂ। ਪਰ ਅਫ਼ਸੋਸ ਕਿ ਕੁਝ ਤੰਗ-ਦਿਲ ਤੇ ਫ਼ਿਰਕੂ ਆਗੂਆਂ ਦੀ ਸੋਚ ਦੇ ਕਾਰਨ ਪੰਜਾਬੀ ਬੋਲੀ ਨਾਲ ਮਤ੍ਰੇਈ ਮਾਂ ਦਾ ਸਲੂਕ ਹੋ ਰਹਿਆ ਹੈ। ਮੈਂ ਪੰਜਾਬ ਦੀ ਵਰਤਮਾਨ ਸਥਿਤੀ ਤੋਂ ਆਪ ਨੂੰ ਜਾਣੂ ਕਰਾਉਣਾ ਚਾਹੁੰਦਾ ਹਾਂ ਤੇ ਇਸ ਲਈ ਆਪ ਜੀ ਦਾ ਧਿਆਨ ੨੧ ਮਈ ਦੀ ਟ੍ਰਿਬਿਊਨ ਵਿਚ ਛਪੀ ਇਕ ਚਿੱਠੀ ਵਲ ਦਿਵਾਂਦਾ ਹਾਂ, ਜਿਸ ਦਾ ਲੇਖਕ ਇਕ ਪੜ੍ਹਿਆ-ਲਿਖਿਆ ਆਗੂ ਸਾਬਕਾ ਐਮ. ਐਲ. ਏ. ਹੈ। ਚਿੱਠੀ ਵਿਚ ਲਿਖਿਆ ਹੈ ਕਿ ਸਾਡੀ ਬੋਲਣ ਦੀ ਭਾਸ਼ਾ ਤਾਂ ਬੇਸ਼ਕ ਪੰਜਾਬੀ ਹੈ ਪਰ ਅਸੀਂ ਚਿੱਠੀ-ਪੱਤਰ ਹਿੰਦੀ ਵਿਚ ਕਰਦੇ ਹਾਂ। ਇਸ ਕਰਕੇ ਇਸ ਨੂੰ ਲੋਕਾਂ ਦੀ ਮਾਤ-ਭਾਸ਼ਾ ਨਹੀਂ ਮੰਨਿਆ ਜਾ ਸਕਦਾ। ਭਾਈ ਸਾਹਿਬ ਨੇ ਡਾਕਟਰ ਸ੍ਰੀਮਾਲੀ ਨੂੰ ਸੰਬੋਧਨ ਕਰਦਿਆਂ ਹੋਇਆ ਕਹਿਆ ਕਿ ਮੈਨੂੰ ਇਸ ਗੱਲ ਦੀ ਸਸਝ ਨਹੀਂ ਆਉਂਦੀ ਕਿ ਚਿੱਠੀ-ਪੱਤਰ ਕਰਨ ਨਾਲ ਕਿਸ ਤਰ੍ਹਾਂ ਕਿਸੇ ਦੀ ਮਾਤ-ਭਾਸ਼ਾ ਬਦਲ ਜਾਂਦੀ ਹੈ। ਕਿਸੇ ਵੀ ਰਾਜ ਦੀ ਪ੍ਰਾਂਤਿਕ ਭਾਸ਼ਾ ਕੇਵਲ ਉਹ ਹੀ ਹੋ ਸਕਦੀ ਹੈ ਜਿਸ ਵਿਚ ਉਥੋਂ ਦੇ ਲੋਕ ਗਲ-ਬਾਤ ਕਰਦੇ ਹਨ ਨਾ ਕਿ ਚਿੱਠੀ-ਪੱਤਰ ਦੀ ਭਾਸ਼ਾ। ਭਾਈ ਸਾਹਿਬ ਨੇ ਕਹਿਆ ਕਿ ਕਈ ਵਾਰ ਇਹ ਵੀ ਕਿੰਤੂ ਕੀਤਾ ਜਾਂਦਾ ਹੈ ਕਿ ਸਾਡੀ ਕਲਚਰ ਤੇ ਧਰਮ ਦੀ ਬੋਲੀ ਹਿੰਦੀ ਹੈ। ਜਿੰਨੀ ਕੁ ਵੀ ਮੈਂ ਪਿਛੇ ਝਾਤੀ ਮਾਰ ਸਕਦਾ ਹਾਂ, ਮੈਨੂੰ ਹਿੰਦੂਆਂ ਦੇ ਧਾਰਮਿਕ ਗ੍ਰੰਥ ਸੰਸਕ੍ਰਿਤ ਵਿਚ ਲਿਖੇ ਵਿਖਾਈ ਦਿੰਦੇ ਹਨ। ਹਿੰਦੀ ਵਿਚ ਤਾਂ ਕੇਵਲ ਤੁਲਸੀ ਦਾਸ ਦੀ ਰਾਮਾਇਣ ਤੇ ਜਾਂ ਫਿਰ ਅਜੋਕੇ ਸਮੇਂ ਵਿਚ ਸਤਿਆਰਥ ਪ੍ਰਕਾਸ਼ ਲਿਖਿਆ ਮਿਲਦਾ ਹੈ। ਪਰ ਸਿੱਖ ਗੁਰੂਆਂ ਨੇ ਇਸ ਤੋਂ ਢੇਰ ਚਿਰ ਪਹਿਲਾਂ ਪੰਜਾਬੀ ਵਿਚ ਆਪਣਾ ਧਾਰਮਿਕ ਸਾਹਿੱਤ

ਰਚਿਆ। ਸਿੱਖ ਗੁਰੂਆਂ ਨੇ ਹਿੰਦਵੀ ਵਿਚ ਬਹੁਤ ਸਾਰੀ ਰਚਨਾ ਕੀਤੀ ਜਿਸ ਤੋਂ ਹਾਲੀ ਦੂਜੇ ਰਾਜਾਂ ਦੇ ਵਾਸੀ ਵਾਕਿਫ਼ ਨਹੀਂ ਹਨ। ਲੋੜ ਹੈ ਕਿ ਇਹ ਭੰਡਾਰਾ ਉਹਨਾਂ ਅਗੇ ਖੋਲ੍ਹਿਆ ਜਾਵੇ।

ਅਤ ਵਿਚ ਭਾਈ ਸਾਹਿਬ ਨੇ ਡਾਕਟਰ ਸ੍ਰੀਮਾਲੀ ਨੂੰ ਚਿਤਾਵਨੀ ਕਰਾਈ ਕਿ ਰਿਜਨਲ ਫਾਰਮੂਲੇ ਦੀ ਇਕ ਮਦ ਅਨੁਸਾਰ ਹਿੰਦ ਸਰਕਾਰ ਪੰਜਾਬੀ ਬੋਲੀ ਦੇ ਵਾਧੇ ਲਈ ਵਿਸ਼ੇਸ਼ ਯਤਨ ਕਰਨ ਲਈ ਜ਼ਿਮੇਵਾਰ ਹੈ। ਇਸ ਲਈ ਯੋਗ ਹੈ ਕਿ ਤੀਜੀ ਪੰਜ-ਵਰਸ਼ੀ ਯੋਜਨਾ ਵਿਚ ਪੰਜਾਬੀ ਦੇ ਵਾਧੇ ਲਈ ਵਿਸ਼ੇਸ਼ ਪ੍ਰੋਗਰਾਮ ਬਣਾਇਆ ਜਾਵੇ। ਕੇਂਦਰੀ ਸਰਕਾਰ ਦੀ ਇਹ ਜ਼ਿਮੇਵਾਰੀ ਹੋਰ ਵੀ ਵਧ ਜਾਂਦੀ ਹੈ ਜਦ ਅਸੀਂ ਵੇਖਦੇ ਹਾਂ ਕਿ ਪੰਜਾਬੀ ਮਾਤ-ਭਾਸ਼ਾ ਦੇ ਕੁਝ ਪੁੱਤਰ ਇਸ ਤੋਂ ਮੁਨਕਰ ਹੋਏ ਬੈਠੇ ਹਨ। ਪੰਜਾਬੀ ਸਾਹਿਤ ਅਕਾਡਮੀ ਅਨੁਵਾਦਾਂ ਤੇ ਹੋਰ ਮੌਲਿਕ ਰਚਨਾਵਾਂ ਰਾਹੀਂ ਇਸ ਮਹਾਨ ਕੰਮ ਵਿਚ ਆਪਣਾ ਹਿੱਸਾ ਪਾਣ ਲਈ ਤਿਆਰ ਹੈ।

**ਭਾਸ਼ਣ : ਸ੍ਰੀ ਆਈ. ਡੀ. ਸਰਬਰੀ ਕੋਵ–**

ਰੂਸੀ ਦੂਤ-ਘਰ ਦੇ ਸਭਿਆਚਾਰਕ ਸਕੱਤਰ, ਸ੍ਰੀ ਆਈ. ਡੀ. ਸਰਬਰੀਕੋਵ (ਜੋ ਇਸ ਸਮਾਗਮ ਵਿਚ ਹਿੱਸਾ ਲੈਣ ਲਈ ਉਚੇਚਾ ਦਿੱਲੀ ਤੋਂ ਚੱਲ ਕੇ ਆਏ ਸਨ,) ਨੇ ਇਕ ਲਿਖਤੀ ਭਾਸ਼ਣ ਪੜ੍ਹਦਿਆਂ ਹੋਇਆਂ ਸੋਵੀਅਤ ਰੂਸ ਵਿਚ ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਦੇ ਸਿੱਖਣ ਲਈ ਕੀਤੇ ਯਤਨ ਤੋਂ ਜਾਣੂ ਕਰਾਇਆ। ਉਨ੍ਹਾਂ ਦਸਿਆ ਕਿ ਰੂਸੀ ਲੋਕ ਭਾਰਤੀ ਭਾਸ਼ਾਵਾਂ ਨੂੰ ਜਾਨਣ ਬੁੱਝਣ ਲਈ ਬੜੇ ਚਾਹਵਾਨ ਹਨ ਅਤੇ ਇਸ ਸਮੇਂ ਰੂਸ ਵਿਚ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ, ਕਨੜ, ਮਲਿਆਲਮ ਆਦਿ ਸਭ ਬੋਲੀਆਂ ਦੇ ਪੜ੍ਹਨ ਪੜ੍ਹਾਉਣ ਦਾ ਪ੍ਰਬੰਧ ਹੈ। ਰੂਸੀ ਲੋਕ ਭਾਰਤੀ ਲੋਕਾਂ ਦੀ ਰੂਹ ਦੇ ਦਰਸ਼ਨ ਕਰਨਾ ਚਾਹੁੰਦੇ ਹਨ ਤੇ ਉਹ ਇਸ ਦੇਸ਼ ਦੇ ਲਿਖਾਰੀਆਂ ਦੀਆਂ ਲਿਖਤਾਂ ਤੋਂ ਹੀ ਹੋ ਸਕਦੇ ਹਨ। ਉਨ੍ਹਾਂ ਨੇ ਅੰਕੜੇ ਦਸਦਿਆਂ ਹੋਇਆਂ ਇਸ ਗਲ ਨੂੰ ਪ੍ਰਗਟ ਕੀਤਾ ਕਿ ੧੯੪੬ ਤੋਂ ਲੈ ਕੇ ੧੯੫੯ ਤਕ ਰੂਸੀ ਸਰਕਾਰ ਨੇ ਭਾਰਤੀ ਲਿਖਾਰੀਆਂ ਦੀਆਂ ਪੁਸਤਕਾਂ ਅਨੁਵਾਦਨ ਤੇ ਛਾਪਣ ਤੇ ਇਕ ਕਰੋੜ ਤੇ ਤੀਹ ਲੱਖ ਰੁਪਿਆ ਖਰਚ ਕੀਤਾ ਹੈ। ਰੂਸ ਵਿਚ ਪੰਜਾਬੀ ਦੀ ਪੜ੍ਹਾਈ ਦੇ ਮੋਢੀ ਪਾਲ ਪੇਤਰੋਵ ਤੇ ਈਵਾਨ ਮਿਨਾਯੇਵ ਹੋਏ ਹਨ। ਇਸ ਸਮੇਂ ਇਕ ਬੀਬੀ ਨਿਤਾਸ਼ਾ ਤੋਲਸਤਾਏ ਵਿਸ਼ੇਸ਼ ਭਾਗ ਲੈ ਰਹੀ ਹੈ। ਉਸ ਦੀ ਘਾਲ ਸਦਕਾ ਪ੍ਰੋਫੈਸਰ ਮੋਹਨ ਸਿੰਘ, ਗਾਰਗੀ, ਭਾਈ ਵੀਰ ਸਿੰਘ ਇਤਿ ਆਦਿ ਕੁਝ ਲਿਖਾਰੀਆਂ ਦੀਆਂ ਲਿਖਤਾਂ ਤੋਂ ਰੂਸੀ ਲੋਕ ਲਾਭ ਉਠਾ ਰਹੇ ਹਨ। ਅਜੋਕੀ ਵਿਸ਼ਵ-ਸਥਿਤੀ ਦਾ ਵਰਨਣ ਕਰਦਿਆਂ ਸ੍ਰੀ ਸਰਬਰੀ ਕੋਵ ਨੇ ਕਹਿਆ ਕਿ ਰੂਸ

ਦੇ ਲੋਕ ਵਿਸ਼ਵ ਵਿਚ ਅਮਨ ਵੇਖਣਾ ਚਾਹੁੰਦੇ ਹਨ। ਸਾਡੇ ਲੋਕਾਂ ਨੂੰ ਸਿਖਰ-ਸੰਮੇਲਣ ਦੇ ਟੁਟਣ ਦਾ ਬੜਾ ਦੁਖ ਹੈ। ਮਨੁਖ-ਵਾਦੀ ਸਭਿਆਚਾਰ ਜੰਗ ਦਾ ਵੈਰੀ ਹੈ ਤੇ ਅਸੀਂ ਦੁਨੀਆਂ ਵਿਚ ਸਦੀਵੀ ਪਿਆਰ ਤੇ ਸ਼ਾਂਤੀ ਵੇਖਣ ਦੇ ਚਾਹਵਾਨ ਹਾਂ। ਰੂਸੀਆਂ ਦੇ ਭਾਰਤ ਵਾਸੀਆਂ ਲਈ ਪਿਆਰ ਦੇ ਚਿੰਨ੍ਹ ਵਜੋਂ ਸ੍ਰੀ ਸਰਬਰੀ ਕੋਵ ਨੇ ਪੰਜਾਬੀ ਸਾਹਿੱਤ ਅਕਾਡਮੀ ਦੇ ਪ੍ਰਧਾਨ ਨੂੰ ਰੂਸ ਵਿਚ ਖੇਡੇ ਗਏ ਬਲਵੰਤ ਗਾਰਗੀ ਦੇ ਪੰਜਾਬੀ ਨਾਟਕ 'ਸੋਹਣੀ-ਮਹੀਂਵਾਲ' ਦੇ ਕੁਝ ਫੋਟੋ ਤੇ ਰੂਸੀ ਵਿਚ ਛਪੀਆਂ ਭਾਰਤੀ ਪੁਸਤਕਾਂ ਦੀਆ ਸੈਂਚੀਆਂ ਪੇਸ਼ ਕੀਤੀਆਂ, ਜੋ ਭਾਈ ਸਾਹਿਬ ਨੇ ਧੰਨਵਾਦ ਸਹਿਤ ਪਰਵਾਨ ਕਰ ਲਈਆਂ।

## ਭਾਸ਼ਣ : ਸ: ਸੋਹਨ ਸਿੰਘ ਜੋਸ਼—

ਪ੍ਰਸਿਧ ਕਮਿਊਨਿਸਟ ਆਗੂ ਸਰਦਾਰ ਸੋਹਨ ਸਿੰਘ ਜੋਸ਼ ਨੇ ਵੀ ਇਕ ਛੋਟੇ ਜਿਹੇ ਭਾਸ਼ਨ ਦੁਆਰਾ ਆਪਣੇ ਵਿਚਾਰ ਪ੍ਰਗਟ ਕੀਤੇ। ਆਪ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ ਐਲਾਨ ਕੀਤਾ ਕਿ ਕੋਈ ਵੀ ਪੰਜਾਬੀ ਨਾਲ ਪਿਆਰ ਕਰਨ ਵਾਲਾ ਤੇ ਇਸ ਦੀ ਉੱਨਤੀ ਦਾ ਚਾਹਵਾਨ ਹਿੰਦੀ ਦੇ ਵਿਰੁਧ ਨਹੀਂ ਹੈ। ਪਰ ਇਸ ਦੇ ਉਲਟ, ਜਿਵੇਂ ਕਿ ਭਾਈ ਸਾਹਿਬ ਨੇ ਕਹਿਆ ਹੈ, ਹਿੰਦੀ-ਪਿਆਰੇ ਪੰਜਾਬੀ ਨੂੰ ਮਾਤ-ਭਾਸ਼ਾ ਮੰਨਣ ਤੋਂ ਹੀ ਇਨਕਾਰੀ ਹਨ।

ਜੋਸ਼ ਸਾਹਿਬ ਦੇ ਮੱਤ ਅਨੁਸਾਰ ਹਿੰਦੀ ਨੂੰ ਵੀ ਰਾਸ਼ਟਰ-ਭਾਸ਼ਾ ਬਣਨ ਲਈ ਬਹੁਤ ਸਾਰੀਆਂ ਤਰੁਟੀਆਂ ਦੂਰ ਕਰਨੀਆਂ ਹੋਣਗੀਆਂ ਤੇ ਆਸ ਪ੍ਰਗਟ ਕੀਤੀ ਕਿ ਇਹ ਛੇਤੀ ਹੀ ਦੂਰ ਹੋ ਜਾਣਗੀਆਂ।

ਸਰਦਾਰ ਸੋਹਨ ਸਿੰਘ ਜੋਸ਼ ਨੇ ਦੁਖ ਪ੍ਰਗਟ ਕੀਤਾ ਕਿ ਰਿਜਨਲ ਕਮੇਟੀ ਦੇ ਫੈਸਲੇ ਲਾਗੂ ਨਹੀਂ ਕੀਤੇ ਜਾ ਰਹੇ। ਜਲੰਧਰ, ਅੰਮ੍ਰਿਤਸਰ, ਲੁਧਿਆਣਾ ਆਦਿ ਸ਼ਹਿਰਾਂ ਦੀਆਂ ਮਿਊਂਸਪਲ ਕਮੇਟੀਆਂ ਜੋ ਪੰਜਾਬੀ ਖੰਡ ਵਿਚ ਹਨ, ਉਥੇ ਵੀ ਕਾਰ-ਵਿਹਾਰ ਪੰਜਾਬੀ ਭਾਸ਼ਾ ਵਿਚ ਕਰਨ ਦਾ ਕੋਈ ਕਦਮ ਨਹੀਂ ਉਠਾਇਆ ਗਇਆ। ਸਰਕਾਰ ਦੀ ਇਹ ਢਿਲੜ ਨੀਤੀ ਠੀਕ ਨਹੀਂ ਹੈ। ਪੰਜਾਬ ਰਾਜ ਦੀ ਸਰਕਾਰੀ ਭਾਸ਼ਾ ਛੇਤੀ ਤੋਂ ਛੇਤੀ ਪੰਜਾਬੀ ਕਰ ਦੇਣੀ ਚਾਹੀਦੀ ਹੈ। ਲੋੜ ਪਵੇ ਤਾਂ ਸਰਕਾਰ ਇਸ ਲਈ ਵਿਸ਼ੇਸ਼ ਆਰਡੀਨੈਂਸ ਜਾਰੀ ਕਰੇ।

## ਭਾਸ਼ਣ : ਡਾ: ਸ੍ਰੀਮਾਲੀ--

ਉਪਰੋਕਤ ਭਾਸ਼ਨਾਂ ਤੋਂ ਪਿਛੋਂ, ਸਮਾਗਮ ਦੇ ਪਰਧਾਨ ਡਾਕਟਰ ਸ੍ਰੀਮਾਲੀ ਜੀ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਕਹਿਆ ਕਿ ਸਾਡੇ ਵਿਚੋਂ ਬਹੁਤ ਸਾਰੇ ਲੋਕ ਸਾਧਾਰਣ ਝਗੜਿਆਂ ਉੱਤੇ ਆਪਣਾ ਸਮਾਂ ਤੇ ਸ਼ਕਤੀ ਨਸ਼ਟ ਕਰ ਰਹੇ

ਹਨ। ਇਸ ਸਮੇਂ ਲੋੜ ਇਸ ਗਲ ਦੀ ਹੈ ਕਿ ਸਭ ਭਾਰਤੀ ਮਿਲ ਜੁਲ ਕੇ ਦੇਸ਼ ਨੂੰ ਸੰਗਠਿਤ ਕਰਨ ਲਈ ਚਾਰਾ ਕਰਨ। ਡਾਕਟਰ ਸ਼੍ਰੀਮਾਲੀ ਜੀ ਨੇ ਅਪੀਲ ਕੀਤੀ ਕਿ ਪੰਜਾਬ ਦੀ ਭਾਸ਼ਾਈ-ਸਮਸਿਆ ਪ੍ਰਸਪਰ ਪਿਆਰ ਤੇ ਹਿੱਤ ਨਾਲ ਹੱਲ ਕਰਨੀ ਚਾਹੀਦੀ ਹੈ। ਇਹ ਠੀਕ ਤੇ ਸੁਭਾਵਕ ਹੈ ਕਿ ਲੰਮਾ ਅਰਸਾ ਦਬੇ ਰਹਿਣ ਪਿਛੋਂ ਭਾਰਤੀ ਬੋਲੀਆਂ ਆਪਣੀ ਯੋਗ ਥਾਂ ਪ੍ਰਾਪਤ ਕਰਨ ਲਈ ਹੱਥ-ਪੱਥ ਮਾਰਨ। ਇਸ ਗੱਲ ਦੀ ਵੀ ਸਮਝ ਆ ਸਕਦੀ ਹੈ ਕਿ ਵੱਖ ਵੱਖ ਭਾਸ਼ਾਵਾਂ ਦੇ ਸ਼ਰਧਾਲੂ ਆਪੋ ਆਪਣੀ ਭਾਸ਼ਾ ਦੀ ਉੱਨਤੀ ਲਈ ਵਿਸ਼ੇਸ਼ ਉਤਸ਼ਾਹ ਪ੍ਰਗਟ ਕਰਨ ਕਿਉਂ-ਜੋ ਇਹ ਕੌਮ ਦੀ ਸਭਿਆਚਾਰਕ ਜਾਗ੍ਰਤੀ ਦਾ ਚਿੰਨ੍ਹ ਹੈ। ਪਰ ਇਸ ਉਤਸ਼ਾਹ ਨੂੰ ਗਲਤ ਪਾਸੇ ਨਾ ਜਾਣ ਦਿੱਤਾ ਜਾਵੇ, ਨਾ ਹੀ ਇਸ ਨੂੰ ਗਲਤ ਸਮਝਿਆ ਜਾਵੇ। ਭਾਰਤ ਦੇ ਆਉਣ ਵਾਲੇ ਵਿਦਿਅਕ ਢਾਂਚੇ ਨੂੰ ਚਿਤਰਦਿਆਂ ਹੋਇਆਂ ਡਾਕਟਰ ਸ਼੍ਰੀਮਾਲੀ ਨੇ ਕਹਿਆ ਕਿ ਬਹੁਤ ਸਾਰੇ ਰਾਜਾਂ ਵਿਚ ਪ੍ਰਾਂਤਿਕ ਭਾਸ਼ਾਵਾਂ ਦਸਵੀਂ ਅਤੇ ਹਾਇਰ ਸਕੈਂਡਰੀ ਦੀਆਂ ਜਮਾਤਾਂ ਵਿਚ ਸਿਖਿਆ ਦੇ ਮਾਧਿਅਮ ਵਜੋਂ ਚਾਲੂ ਕਰ ਦਿਤੀਆਂ ਗਈਆਂ ਹਨ ਅਤੇ ਯੂਨੀਵਰਸਟੀ ਪੱਧਰ ਤੇ ਸਿਖਿਆ ਲਈ ਵੀ ਪ੍ਰਾਂਤਿਕ ਭਾਸ਼ਾਵਾਂ ਨੂੰ ਵਰਤਣ ਦਾ ਸੰਕਲਪ ਬਣ ਚੁਕਾ ਹੈ। ਯਤਨ ਹੋ ਰਹੇ ਹਨ ਕਿ ਇਸ ਸੰਕਲਪ ਨੂੰ ਸਿਰੇ ਚਾੜ੍ਹਿਆ ਜਾਵੇ। ਪ੍ਰਾਂਤਿਕ ਭਾਸ਼ਾਵਾਂ ਦੀ ਪਿਛਲੇ ਦਸਾਂ ਸਾਲਾਂ ਵਿਚ ਉੱਨਤੀ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਡਾਕਟਰ ਸ਼੍ਰੀਮਾਲੀ ਨੇ ਕਹਿਆ ਕਿ ਹਿੰਦੀ ਨੂੰ ਰਾਸ਼ਟਰ-ਭਾਸ਼ਾ ਬਣਾਇਆ ਗਇਆ ਹੈ, ਇਸ ਲਈ ਨਹੀਂ, ਕਿ ਇਹ ਦੂਜੀਆਂ ਭਾਰਤੀ ਭਾਸ਼ਾਵਾਂ ਤੋਂ ਵਧੇਰੇ ਉੱਨਤ ਤੇ ਵਧੀਆ ਹੈ, ਸਗੋਂ ਇਸ ਲਈ ਕਿ ਇਸ ਦੇ ਬੋਲਣ ਤੇ ਜਾਨਣ ਦਾ ਘੇਰਾ ਵੱਡਾ ਹੈ। ਹਿੰਦੀ ਨੂੰ ਅਸਲ ਅਰਥਾਂ ਵਿਚ ਰਾਸ਼ਟਰ-ਭਾਸ਼ਾ ਬਣਾਉਣ ਲਈ ਜ਼ਰੂਰੀ ਹੈ ਕਿ ਗੈਰ-ਹਿੰਦੀ ਇਲਾਕੇ ਦੇ ਲੋਕ ਵੀ ਇਸ ਨੂੰ ਸਿੱਖਣ ਤੇ ਵਰਤਣ।

ਡਾਕਟਰ ਸ਼੍ਰੀਮਾਲੀ ਨੇ ਦਸਿਆ ਕਿ ਦਿੱਲੀ ਸਰਕਾਰ ਦੇ ਸਿਖਿਆ ਲਈ ਥਾਪੇ ਗਏ ਕੇਂਦਰੀ ਸਲਾਹਕਾਰ ਬੋਰਡ ਨੇ ਭਾਰਤ ਵਿਚ ਵਰਤਣ ਲਈ ਤ੍ਰਿੰਨ-ਭਾਸ਼ਾਈ ਫ਼ਾਰਮੂਲਾ ਘੜਿਆ ਹੈ ਜਿਸ ਅਨੁਸਾਰ ਹਿੰਦੀ ਨੂੰ ਰਾਸ਼ਟਰ-ਭਾਸ਼ਾ ਵਜੋਂ ਪੜ੍ਹਨਾ ਹੋਵੇਗਾ। ਹਿੰਦੀ ਬੋਲਦੇ ਇਲਾਕਿਆਂ ਦੇ ਲੋਗ ਇਕ ਹੋਰ ਭਾਰਤੀ ਭਾਸ਼ਾ ਸਿਖਣਗੇ ਅਤੇ ਇਨ੍ਹਾਂ ਦੇ ਨਾਲ ਹੀ ਅੰਗ੍ਰੇਜ਼ੀ ਦੀ ਸਿਖਿਆ ਵੀ ਜ਼ਰੂਰੀ ਹੋਵੇਗੀ। ਜੇ ਅਸੀਂ ਨੇਕ ਨਿਯਤੀ ਨਾਲ ਇਸ ਫ਼ਾਰਮੂਲੇ ਤੇ ਅਮਲ ਕਰੀਏ ਤਾਂ ਪੰਜਾਬ ਦੀ ਭਾਸ਼ਾਈ ਸਮੱਸਿਆ ਆਪਣੇ ਆਪ ਸੁਲਝ ਜਾਵੇਗੀ। ਅਸਲ ਵਿਚ ਪੰਜਾਬ ਦੀ ਭਾਸ਼ਾਈ ਸਮੱਸਿਆ ਏਨੀ ਕਠਿਣ ਨਹੀਂ, ਜਿੰਨੀ ਕਿ ਰਾਜਨੀਤਕਾਂ ਨੇ ਇਸ ਨੂੰ ਬਣਾ ਦਿਤਾ ਹੈ। ਡਾਕਟਰ ਸ਼੍ਰੀਮਾਲੀ ਨੇ ਅੰਗ੍ਰੇਜ਼ੀ ਪੜ੍ਹਣ ਦੀ ਅਵੱਸ਼ਕਤਾ ਦਾ ਜ਼ਿਕਰ ਕਰਦਿਆਂ ਹੋਇਆਂ ਕਹਿਆ ਕਿ ਦੁਨੀਆਂ ਭਰ ਦੇ ਉਨਤ ਦੇਸ਼ਾਂ ਨਾਲ ਸੰਪਰਕ

ਕਾਇਮ ਰਖਣ ਲਈ ਸਾਨੂੰ ਅੰਗ੍ਰੇਜ਼ੀ ਜ਼ਰੂਰ ਹੀ ਸਿਖਣੀ ਪਵੇਗੀ। ਇਸ ਤੋਂ ਬਿਨਾਂ ਸਾਡਾ ਗੁਜ਼ਾਰਾ ਨਹੀਂ। ਸਾਇੰਸ ਦੇ ਪਰਿ-ਭਾਸ਼ਕ ਸ਼ਬਦਾਂ ਦੀ ਸਮੱਸਿਆ ਦਾ ਜ਼ਿਕਰ ਕਰਦਿਆਂ ਡਾਕਟਰ ਸ਼੍ਰੀਮਾਲੀ ਨੇ ਕਹਿਆ ਕਿ ਭਾਰਤ ਸਰਕਾਰ ਨੇ ਇਸ ਸਮੱਸਿਆ ਨੂੰ ਹਲ ਕਰਨ ਲਈ ਇਕ ਵਿਸ਼ੇਸ਼ ਕਮਿਸ਼ਨ ਥਾਪਿਆ ਹੈ। ਸੰਭਵ ਹੈ ਕਿ ਉਹ ਅੰਤਰ-ਰਾਸ਼ਟਰੀ ਪਰਿ-ਭਾਸ਼ਾ ਨੂੰ ਹੀ ਸ੍ਵੀਕਾਰ ਕਰਨ ਦੀ ਸਫਾਰਸ਼ ਕਰ ਦੇਵੇ।

## ( ਦੁਪਹਿਰ ਦਾ ਸਮਾਗਮ )

ਕਾਨਫ਼ਰੰਸ ਦਾ ਜਨਰਲ ਸਮਾਗਮ ੨੨ ਤਾਰੀਖ ਐਤਵਾਰ ਦੁਪਹਿਰ ਦੇ ੪ ਵਜੇ ਸ੍ਰੀ ਏ. ਐਨ. ਵਿਦਿਆਲੰਕਾਰ ਜੀ ਦੀ ਪ੍ਰਧਾਨਗੀ ਹੇਠ ਸ਼ੁਰੂ ਹੋਇਆ। ਦਸ ਮਤੇ ਜਿਨ੍ਹਾਂ ਦਾ ਵੇਰਵਾ ਅਗੇ ਦਿੱਤਾ ਹੋਇਆ ਹੈ, ਪਾਸ ਹੋਏ । ਮਤਾ ਨੰਬਰ ੨ ਵਿੱਚ ਲੁਪਤ' ਭੁਲੇਖਿਆਂ ਨੂੰ ਦੂਰ ਕਰਨ ਲਈ ਸ: ਲਾਲ ਸਿੰਘ ਜੀ ਡਾਇਰੈਕਟਰ ਨੇ ਦੱਸਿਆ ਕਿ ਭਾਸ਼ਾ ਵਿਭਾਗ ਨੇ ਪਿਛਲੇ ਦੋ ਤਿੰਨ ਸਾਲਾਂ ਵਿਚ ਇੰਨਾ ਕੰਮ ਕੀਤਾ ਹੈ ਕਿ ਪੈਪਸੂ ਸਰਕਾਰ ਦੇ ਪੰਜਾਂ ਸਤਾਂ ਸਾਲਾਂ ਨੂੰ ਮਾਤ ਪਾ ਗਇਆ ਹੈ। ਇਸ ਲਈ ਸਰਕਾਰ ਦੀ ਨਿਯਤ ਤੇ ਸ਼ਕ ਕਰਨਾ ਜਾਂ ਬ-ਪੜਤਾਲੇ ਦੂਸ਼ਣ ਲਾਣੇ ਯੋਗ ਨਹੀਂ ਹੈ। ਆਪ ਨੇ ਖੁਲ੍ਹਾ ਨਿਮੰਤ੍ਰਨ ਦਿੱਤਾ ਕਿ ਜਿਸ ਕਿਸੇ ਨੂੰ ਭਾਸ਼ਾ ਵਿਭਾਗ ਦੇ ਕੰਮ ਬਾਰੇ ਕੋਈ ਸੰਦੇਹ ਹੋਵੇ, ਉਹ ਬੇਸ਼ਕ ਸਾਰੀ ਕਾਰਗੁਜ਼ਾਰੀ ਦੀ ਆਪ ਪੜਤਾਲ ਕਰ ਲਵੇ : ਸਗੋਂ ਆਪ ਜੀ ਨੇ ਸੁਝਾਓ ਦਿੱਤਾ ਕਿ ਕਿਸੇ ਤਿੰਨ ਮੈਂਬਰਾਂ ਦੀ ਕਮੇਟੀ ਭਾਸ਼ਾ ਵਿਭਾਗ ਦੇ ਕੰਮ ਬਾਰੇ ਪੜਤਾਲ ਕਰ ਕੇ ਰਿਪੋਰਟ ਕਰਨ ਲਈ ਬਣਾ ਦਿਤੀ ਜਾਵੇ ਤੇ ਓਦੋਂ ਤਕ ਇਸ ਪ੍ਰਸਤਾਵ ਨੂੰ ਮੁਲਤਵੀ ਕਰ ਦਿੱਤਾ ਜਾਵੇ। ਇਸ ਸੁਝਾਓ ਦੇ ਵਿਰੋਧ ਵਿਚ ਸ: ਸੋਹਨ ਸਿੰਘ 'ਜੋਸ਼' ਨੇ ਬੋਲਦਿਆਂ ਕਹਿਆ ਕਿ ਸਾਨੂੰ ਭਾਵੁਕ ਹੋ ਕੇ ਇਸ ਗਲ ਉੱਤੇ ਵਿਚਾਰ ਨਹੀਂ ਕਰਨੀ ਚਾਹੀਦੀ, ਸਗੋਂ ਨਿਆਇ-ਅਧੀਨ ਹੋ ਕੇ ਸੋਚਣਾ ਚਾਹੀਦਾ ਹੈ। ਸਾਡਾ ਵਿਚਾਰ ਇਹ ਹੀ ਹੈ ਕਿ ਪੰਜਾਬੀ ਵਿਭਾਗ ਵਖ ਹੋਣ ਨਾਲ ਪੰਜਾਬੀ ਦੀ ਵਧੇਰੇ ਉੱਨਤੀ ਹੋ ਸਕੇਗੀ। ਵੋਟਾਂ ਹੋਣ ਪੁਰ ਮਤਾ ਪਾਸ ਕਰ ਦਿੱਤਾ ਗਇਆ।

ਅੱਗੇ ਦਿੱਤੇ ਦਸ ਮਤੇ ਪਾਸ ਹੋ ਜਾਣ ਤੋਂ ਉਪਰੰਤ ਸਮਾਗਮ ਦੇ ਪ੍ਰਧਾਨ ਸ੍ਰੀ ਏ. ਐਨ. ਵਿਦਿਆਲੰਕਾਰ ਜੀ ਨੇ ਆਪਣੇ ਪ੍ਰਤੀਕਰਮ ਪੇਸ਼ ਕਰਦਿਆਂ ਹੋਇਆਂ ਕਹਿਆ ਕਿ ਉਹ ਲੋਕ ਜੋ ਪੰਜਾਬੀ ਬੋਲਦੇ ਹੋਏ ਉਸ ਨੂੰ ਮਾਤ-ਭਾਸ਼ਾ ਮੰਨਣ ਤੋਂ ਇਨਕਾਰੀ ਹਨ, ਸਰਾਸਰ ਗਲਤੀ ਤੇ ਹਨ। ਪੰਜਾਬ ਸਰਕਾਰ ਪੰਜਾਬੀ ਦੀ ਉੱਨਤੀ ਲਈ ਹਰ ਹੀਲਾ ਵਰਤ ਰਹੀ ਹੈ । ਸਰਕਾਰ ਦੀ ਨਿਯਤ ਤੇ ਸ਼ਕ ਕਰਨਾ ਸ਼ੋਭਦਾ ਨਹੀਂ ਹੈ। ਸਰਕਾਰ ਰਿਜਨਲ ਭਾਸ਼ਾਵਾਂ ਦੀ ਉੱਨਤੀ ਦੇ ਰਾਹ ਤੇ ਦ੍ਰਿੜ੍ਹ ਹੈ। ਭਾਸ਼ਾ ਵਿਭਾਗ ਨੂੰ ਇਸ ਸਮੇਂ ਦੋ ਭਾਗਾਂ : ਹਿੰਦੀ ਤੇ ਪੰਜਾਬੀ ਵਿਚ

ਵੰਡਣਾ ਉਚਿਤ ਨਹੀਂ ਹੈ । ਭਾਸ਼ਾ ਵਿਭਾਗ ਨੇ ਪਿਛਲੇ ਦੋ ਤਿੰਨ ਸਾਲਾਂ ਵਿਚ ਬਹੁਤ ਜ਼ਿਆਦਾ ਉੱਨਤੀ ਕੀਤੀ ਹੈ । ਇਹ ਤਜਵੀਜ਼ ਭਾਸ਼ਾ ਵਿਭਾਗ ਦੇ ਕੰਮ-ਕਾਰ ਦੀ ਜਾਂਚ ਲਈ, ਇਹ ਤਸੱਲੀ ਕਰਨ ਲਈ ਕਿ ਇਹ ਸੱਚ ਮੁਚ ਹੀ ਇਲਾਕੇ ਦੀਆਂ ਭਾਸ਼ਾਵਾਂ ਲਈ ਸਿਰ ਤੋੜ ਯਤਨ ਕਰ ਰਹਿਆ ਹੈ ਬੇਸ਼ਕ ਕੋਈ ਕਮੇਟੀ ਬਣਾ ਦਿਤੀ ਜਾਵੇ । ਮੈਂ ਇਸ ਤਜਵੀਜ਼ ਨੂੰ ਪਸੰਦ ਕਰਦਾ ਹਾਂ । ਤੀਜੀ ਪੰਜ ਵਰਸ਼ੀ ਯੋਜਨਾ ਵਿੱਚ ਅਸੀਂ ਪੰਜਾਬੀ ਦੀ ਉੱਨਤੀ ਲਈ ਹੋਰ ਵੀ ਵਧੇਰੇ ਸਹੂਲਤਾਂ ਤੇ ਰਕਮ ਕਢਣ ਤੇ ਵਿਚਾਰ ਹੋ ਰਹੀ ਹੈ। ਤੁਸੀਂ ਇਸ ਲਈ ਸਾਡੇ ਉਤੇ ਪੂਰਾ ਪੂਰਾ ਵਿਸ਼ਵਾਸ ਰਖ ਸਕਦੇ ਹੋ ।

ਕੁਰੋਕਸ਼ੇਤਰ ਯੂਨੀਵਰਸਟੀ ਦਾ ਜ਼ਿਕਰ ਕਰਦਿਆਂ ਸ੍ਰੀ ਵਿਦਿਆਲੰਕਾਰ ਜੀ ਨੇ ਕਹਿਆ ਕਿ ਮੁਢ ਰੂਪ ਵਿਚ ਇਹ ਯੂਨੀਵਰਸਟੀ ਕੇਵਲ ਸੰਸਕ੍ਰਿਤ ਲਈ ਬਣਾਈ ਗਈ ਸੀ, ਪਰ ਹੁਣ ਅਸੀਂ ਇਸ ਦਾ ਸਿਖਿਆ ਖੇਤਰ ਵਧਾ ਰਹੇ ਹਾਂ। ਇਸ ਵਕਤ ਇਸ ਵਿਚ ਪੁਰਾਤਤ੍ਵ ਵਿਗਿਆਨ ਦੀ ਸਿਖਲਾਈ ਅਤੇ ਇਕ ਅਧਿਆਪਕਾਂ ਦੀ ਸਿਖਿਆ ਦਾ ਕਾਲਿਜ ਖੋਲ੍ਹਣ ਦੀ ਵੀ ਤਜਵੀਜ਼ ਹੈ । ਇਸੇ ਤਰ੍ਹਾਂ ਸਰਕਾਰ ਵਿਸ਼ੇਸ਼ ਤਰ੍ਹਾਂ ਦੀਆਂ ਸਥਾਨਕ ਯੂਨੀਵਰਸਟੀਆਂ ਸਥਾਪਤ ਕਰਨ ਦਾ ਵੀ ਇਰਾਦਾ ਰਖਦੀ ਹੈ । ਪੁਰਾਤਤ੍ਵ ਵਿਭਾਗ ਦੀ ਕਾਇਮੀ ਲਈ ਪੰਜਾਬ ਸਰਕਾਰ ਕੇਂਦਰੀ ਸਰਕਾਰ ਨਾਲ ਗਲ ਬਾਤ ਕਰ ਰਹੀ ਹੈ।

ਦਿੱਲੀ ਦੇ ਰੇਡੀਓ ਸਟੇਸ਼ਨ ਤੋਂ ਪੰਜਾਬੀ ਲਈ ਵਧੇਰੇ ਸਮੇਂ ਦੀ ਨਿਯੁਕਤੀ ਦੀ ਪ੍ਰੋੜ੍ਹਤਾ ਕਰਦਿਆਂ ਮੰਤ੍ਰੀ ਜੀ ਨੇ ਅਜਿਹੇ ਕੀਤੇ ਜਾਣ ਲਈ ਡਾ: ਕੇਸਕਰ ਨੂੰ ਲਿਖਣ ਦੀ ਆਸ ਦਿਵਾਈ ।

ਅੰਤ ਵਿਚ ਸ੍ਰੀ ਵਿਦਿਆਲੰਕਾਰ ਜੀ ਨੇ ਪੰਜਾਬੀ ਸਾਹਿੱਤ ਅਕਾਡਮੀ ਦੇ ਯਤਨਾਂ ਤੇ ਦਿਨ ਬਦਿਨ ਹੋ ਰਹੀ ਉੱਨਤੀ ਤੇ ਸੰਤੁਸ਼ਟੀ ਪ੍ਰਗਟ ਕਰਦਿਆਂ ਹੋਇਆਂ ਪ੍ਰਬੰਧਕਾਂ ਦੇ ਉਤਸ਼ਾਹ ਨੂੰ ਵਧਾਇਆ ।

## ਕਵੀ ਦਰਬਾਰ

੨੨ ਤਾਰੀਖ ਰਾਤ ਨੂੰ ੮-੩੦ ਵਜੇ ਕਵੀ ਦਰਬਾਰ ਹੋਇਆ । ਇਸ ਦਾ ਉਦਘਾਟਣ ਸ. ਲਾਲ ਸਿੰਘ ਜੀ ਡਾਇਰੈਕਟਰ ਭਾਸ਼ਾ ਵਿਭਾਗ ਤੇ ਪ੍ਰਧਾਨਗੀ ਸ. ਵਿਧਾਤਾ ਸਿੰਘ 'ਤੀਰ' ਨੇ ਕੀਤੀ । ਕਵੀ ਦਰਬਾਰ ਵਿਚ ਸਥਾਨਕ ਕਵੀਆਂ ਤੋਂ ਇਲਾਵਾ ਸ. ਦੀਵਾਨ ਸਿੰਘ ਜੀ 'ਮਹਿਰਮ', ਸ੍ਰੀ ਗੋਪਾਲ ਦਾਸ (ਬਟਾਲਵੀ), ਸ੍ਰੀ ਦਿਆਲ ਚੰਦ ਮਿਗਲਾਨੀ, ਸ: ਗੁਰਦਿਤ ਸਿੰਘ 'ਕੁੰਦਨ', ਸ੍ਰੀ ਸ਼ਿਵ ਕੁਮਾਰ (ਬਟਾਲਵੀ), ਸ: ਅਮਰਜੀਤ ਸਿੰਘ ਗੁਰਦਾਸਪੁਰੀ ਨੇ ਹਿਸਾ ਲਿਆ । ਕਵੀ

ਦਰਬਾਰ ਬੜਾ ਰਸਦਾਇਕ ਤੇ ਰੌਚਕ ਸੀ। ਪੰਡਾਲ ਖਚਾ-ਖਚ ਭਰਿਆ ਹੋਣ ਦੇ ਬਾਵਜੂਦ ਲੋਕ ਸਾਰਾ ਪ੍ਰੋਗਰਾਮ ਬੜੇ ਧੀਰਜ ਤੇ ਰਸ ਮੁਗਧ ਹੋ ਕੇ ਸੁਣਦੇ ਰਹੇ। ਅਸੀਂ ਇਸ ਸ਼ਾਨਦਾਰ ਸਫਲਤਾ ਉਤੇ ਪ੍ਰਬੰਧਕਾਂ ਨੂੰ ਹਾਰਦਿਕ ਵਧਾਈ ਦੇਂਦੇ ਹਾਂ।

## ਭਿੰਨ ਭਿੰਨ ਸਮਾਗਮਾਂ ਵਿਚ ਪਾਸ ਹੋਏ

# ਮਤੇ

### (ੳ) ਜਨਰਲ ਸਮਾਗਮ (੨੨.੫.੬੦)

(੧) ਪੰਜਾਬੀ ਸਾਹਿੱਤ ਅਕਾਡਮੀ ਦਾ ਛੇਵਾਂ ਵਾਰਸਕ ਸਮਾਗਮ ਇਸ ਗਲ ਤੇ ਚਿੰਤਾ ਪ੍ਰਗਟ ਕਰਦਾ ਹੈ ਕਿ ਕਈ ਵਰ੍ਹੇ ਬੀਤ ਜਾਣ ਤੇ ਵੀ ਰਿਜਨਲ ਫਾਰਮੂਲੇ ਦੀ ਭਾਸ਼ਾ ਸੰਬੰਧੀ ਧਾਰਾ ਨੂੰ ਅਜੇ ਤਕ ਅਮਲ ਵਿਚ ਨਹੀਂ ਲਿਆਂਦਾ ਗਇਆ ਤੇ ਪੰਜਾਬ ਸਰਕਾਰ ਪਾਸੋਂ ਜ਼ੋਰਦਾਰ ਮੰਗ ਕਰਦਾ ਹੈ ਕਿ ਪੰਜਾਬੀ ਰਿਜਨ ਵਿਚ ਪੰਜਾਬੀ ਨੂੰ ਸਰਕਾਰੀ, ਕਾਰ-ਵਿਹਾਰ ਤੇ ਕਚਹਿਰੀਆਂ ਦੀ ਬੋਲੀ ਦੇ ਤੌਰ ਤੇ ਛੇਤੀ ਤੋਂ ਛੇਤੀ ਲਾਗੂ ਕੀਤਾ ਜਾਵੇ।

ਪੇਸ਼ ਕਰਨ ਵਾਲਾ : ਸ: ਤਖਤ ਸਿੰਘ ਐਡਵੋਕੇਟ।
ਪ੍ਰੋੜ੍ਹਤਾ ਕਰਨ ਵਾਲਾ : ਡਾ: ਸ਼ੇਰ ਸਿੰਘ।

(੨) ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਕਾਨਫ਼ਰੰਸ ਦਾ ਇਹ ਸਮਾਗਮ ਇਸ ਗਲ ਤੇ ਚਿੰਤਾ ਪਰਗਟ ਕਰਦਾ ਹੈ ਕਿ ਰਿਜਨਲ ਫ਼ਾਰਮੂਲੇ ਦੇ ਅਧੀਨ ਕੀਤੇ ਗਏ ਇਸ ਫੈਸਲੇ ਨੂੰ ਕਿ ਪੰਜਾਬੀ ਭਾਸ਼ਾ, ਸਾਹਿੱਤ ਤੇ ਸਭਿਆਚਾਰ ਦੀ ਉੱਨਤੀ ਲਈ ਅੱਡਰਾ ਪੰਜਾਬੀ ਵਿਭਾਗ ਕਾਇਮ ਕੀਤਾ ਜਾਵੇਗਾ, ਅਜੇ ਤੀਕ ਅਮਲ ਵਿੱਚ ਨਹੀਂ ਲਿਆਂਦਾ ਗਇਆ। ਲੋਕਾਂ ਦੀ ਇਸ ਚਿਰੋਕੀ ਮੰਗ ਨੂੰ ਦੁਹਰਾਂਦਾ ਹੋਇਆ ਇਹ ਸਮਾਗਮ ਪੰਜਾਬ ਸਰਕਾਰ ਪਾਸੋਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਕਰਦਾ ਹੈ ਕਿ ਪੰਜਾਬੀ ਵਿਭਾਗ ਸ਼ੀਘਰ ਕਾਇਮ ਕਰ ਕੇ ਲੋਕਾਂ ਦੀ ਇਸ ਸ਼ਿਕਾਇਤ ਨੂੰ ਦੂਰ ਕੀਤਾ ਜਾਵੇ।

ਪੇਸ਼ ਕਰਨ ਵਾਲਾ : ਸ: ਅਤਰ ਸਿੰਘ।
ਪ੍ਰੋੜ੍ਹਤਾ ਕਰਨ ਵਾਲਾ : ਸ: ਬੁਧ ਸਿੰਘ।

(੩) ਇਸ ਗੱਲ ਨੂੰ ਮੁਖ ਰਖਦਿਆਂ ਕਿ ਕਿਸੇ ਬੋਲੀ ਦੀ ਸਰਬ-ਪੱਖੀ ਉੱਨਤੀ ਲਈ ਤੇ ਉਸ ਨੂੰ ਰਾਜ ਦੇ ਕਾਰ-ਵਿਹਾਰ ਦਾ ਯੋਗ ਮਾਧਿਅਮ ਬਣਾਉਣ

ਲਈ ਉਸ ਨੂੰ ਯੂਨੀਵਰਸਟੀ ਪੱਧਰ ਤੀਕ ਲੈ ਜਾਣਾ ਬਹੁਤ ਜ਼ਰੂਰੀ ਹੈ, ਇਹ ਕਾਨਫ਼ਰੰਸ ਪੰਜਾਬ ਸਹਕਾਰ ਤੇ ਭਾਰਤ ਸਰਕਾਰ ਪਾਸੋਂ ਮੰਗ ਕਰਦੀ ਹੈ ਕਿ ਪੰਜਾਬ ਰਾਜ ਦੇ ਪੰਜਾਬੀ-ਬੋਲਦੇ ਭਾਗ ਲਈ ਇਕ ਅਜਿਹੀ ਵਖਰੀ ਯੂਨੀਵਰਸਟੀ ਕਾਇਮ ਕੀਤੀ ਜਾਏ ਜਿਸ ਦਾ ਮਾਧਿਅਮ ਪੰਜਾਬੀ ਹੋਵੇ ।

ਪੇਸ਼ ਕਰਨ ਵਾਲਾ : ਸ: ਸੰਤ ਸਿੰਘ ਸੇਖੋਂ ।
ਪ੍ਰੋੜ੍ਹਤਾ ਕਰਨ ਵਾਲਾ : ਮਾ: ਮਹਿਤਾਬ ਸਿੰਘ ।

(੪) ਪੰਜਾਬੀ ਸਾਹਿੱਤ ਅਕਾਡਮੀ ਦੀ ਇਹ ਛੇਵੀਂ ਪੰਜਾਬੀ ਕਾਨਫ਼ਰੰਸ ਪੰਜਾਬ ਸਰਕਾਰ ਪਾਸੋਂ ਮੰਗ ਕਰਦੀ ਹੈ ਕਿ ਪੰਜਾਬੀ ਰਿਜਨ ਵਿੱਚ ਪੰਜਾਬੀ ਨੂੰ ਹੀ ਹਾਇਰ ਸੈਕੰਡਰੀ ਤਕ ਦੀ ਪੜ੍ਹਾਈ ਦਾ ਮਾਧਿਯਮ ਛੇਤੀ ਤੋਂ ਛੇਤੀ ਬਣਾਇਆ ਜਾਵੇ ।

ਪੇਸ਼ ਕਰਨ ਵਾਲਾ : ਗਿ: ਹੀਰਾ ਸਿੰਘ ਦਰਦ ।
ਪ੍ਰੋੜ੍ਹਤਾ ਕਰਨ ਵਾਲਾ : ਪ੍ਰੋ: ਸੰਗਤ ਸਿੰਘ ਕੋਛੜ ।

(੫) ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਪੰਜਾਬੀ ਕਾਨਫ੍ਰੰਸ ਸਰਕਾਰੀ ਤੇ ਗੈਰ ਸਰਕਾਰੀ ਲਾਇਬਰੇਰੀਆਂ ਲਈ ਖਰੀਦੀਆਂ ਜਾਂਦੀਆਂ ਪੁਸਤਕਾਂ ਦੇ ਵਰਤਮਾਨ ਢੰਗ ਉਤੇ ਚਿੰਤਾ ਪ੍ਰਗਟ ਕਰਦੀ ਹੈ ਅਤੇ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਅਗੋਂ ਲਈ ਸਰਕਾਰ ਆਪ, ਇਨਾਮ ਜਿੱਤਣ ਵਾਲੀਆਂ, ਅਕਾਡਮੀ ਤੇ ਹੋਰ ਪਰਵਾਣਿਤ ਸੰਸਥਾਵਾਂ ਵਲੋਂ ਪ੍ਰਕਾਸ਼ਤ ਚੰਗੀਆਂ ਪੁਸਤਕਾਂ ਨੂੰ ਇਕੱਠੀਆਂ ਖਰੀਦੇ ਤੇ ਆਪ ਲਾਇਬਰੇਰੀਆਂ ਨੂੰ ਵੰਡੇ । ਅਜਿਹਾ ਕਰਨ ਨਾਲ ਜਿਥੇ ਚੰਗੀਆਂ ਪੁਸਤਕਾਂ ਯੋਗ ਢੰਗ ਨਾਲ ਖਰੀਦੀਆਂ ਜਾ ਸਕਣਗੀਆਂ ਉਥੇ ਚੰਗੇ ਸਾਹਿੱਤ ਨੂੰ ਰਚਣ ਤੇ ਛਾਪਣ ਦਾ ਉਤਸ਼ਾਹ ਵੀ ਵਧੇਗਾ ।

ਪੇਸ਼ ਕਰਨ ਵਾਲਾ : ਪ੍ਰੋ: ਕਿਰਪਾਲ ਸਿੰਘ ਕਸੇਲ ।
ਪ੍ਰੋੜ੍ਹਤਾ ਕਰਨ ਵਾਲਾ : ਸ: ਗੁਰਬਖਸ਼ ਸਿੰਘ ਬਨੂਆਣਾ ।

(੬) ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਦਾ ਇਹ ਸਮਾਗਮ ਕੇਂਦਰੀ ਸਾਹਿਤਯ ਅਕਾਡਮੀ ਦਿੱਲੀ ਪਾਸੋਂ ਮੰਗ ਕਰਦੀ ਹੈ ਕਿ ਉਹ ਆਪਣੀ ਸਲਾਹਕਾਰ ਕਮੇਟੀ ਦੇ ਮੈਂਬਰਾਂ ਨੂੰ ਵਧੀਆ ਪ੍ਰਕਾਸ਼ਨਾਂ ਲਈ ਹਰ ਸਾਲ ਦਿਤੇ ਜਾਂਦੇ ਇਨਾਮ ਦੇ ਮੁਕਾਬਲੇ ਵਿਚ ਆਉਣ ਤੋਂ ਵੰਚਤ ਕਰ ਦੇਵੇ ਤਾਂ ਜੋ ਇਨਾਮਾਂ ਦੀ ਵੰਡ ਵਿਚ ਵਧੇਰੇ ਨਿਆਂ ਹੋ ਸਕੇ ।

ਇਹ ਸਮਾਗਮ ਇਹ ਵੀ ਮੰਗ ਕਰਦਾ ਹੈ ਕਿ ਭਿੰਨ ਭਿੰਨ ਭਾਸ਼ਾਵਾਂ ਲਈ ਨਿਯਤ ਸਲਾਹਕਾਰ ਬੋਰਡ ਦੇ ਮੈਂਬਰਾ ਨੂੰ ਨਿਰਣਾਇਕ ਵੀ ਨਾ ਥਾਪਿਆ ਜਾਇਆ ਕਰੇ; ਅਤੇ ਇਹ ਕਿ ਨਿਰਣਾਇਕ ਮੰਡਲ ਦੇ ਨਾਂ ਬਿਲਕੁਲ ਗੁਪਤ ਰਖੇ ਜਾਇਆ ਕਰਨ।

ਪੇਸ਼ ਕਰਨ ਵਾਲਾ : ਪ੍ਰੋ: ਪਰਮਿੰਦਰ ਸਿੰਘ।
ਪ੍ਰੋੜ੍ਹਤਾ ਕਰਨ ਵਾਲਾ : ਪ੍ਰੋ: ਪਿਆਰ ਸਿੰਘ।

(੭) ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਸਾਲਾਨਾ ਕਾਨਫ਼ਰੰਸ ਦਾ ਇਹ ਸਮਾਗਮ ਭਾਰਤ ਸਰਕਾਰ ਪਾਸੋਂ ਇਸ ਗਲ ਦੀ ਮੰਗ ਕਰਦਾ ਹੈ ਕਿ ਦਿੱਲੀ ਰੇਡੀਉ ਸਟੇਸ਼ਨ ਦੇ ਮੀਡੀਅਮ ਵੇਵ ਦੇ ਨਵੇਂ ਪਰਸਾਰ ਕੇਂਦਰ ਦਿੱਲੀ 'ਸੀ' ਦੀ ਕਾਇਮੀ ਨਾਲ ਦਿੱਲੀ ਪਰਾਂਤ ਅਤੇ ਉਸ ਨਾਲ ਲਗਦੇ ਇਲਾਕੇ ਵਿੱਚ ਵਸਦੇ ਲਖਾਂ ਪੰਜਾਬੀਆਂ ਦੀ ਚਿਰੋਕੀ ਮੰਗ ਨੂੰ ਪੂਰਾ ਕਰਨ ਲਈ ਦਿੱਲੀ ਸਟੇਸ਼ਨ ਤੋਂ ਪੰਜਾਬੀ ਪਰੋਗਰਾਮ ਦੇ ਸਮੇਂ ਵਿਚ ਵਾਧਾ ਕਰੇ। ਇਸ ਪਰੋਗਰਾਮ ਨੂੰ ਘਟ ਤੋਂ ਘਟ ਅਧੇ ਘੰਟੇ ਦਾ ਕੀਤਾ ਜਾਵੇ। ਇਸ ਦੇ ਨਾਲ ਹੀ ਭਾਰਤ ਦੇ ਹੋਰ ਪਰਾਂਤਾਂ ਵਿੱਚ ਅਤੇ ਪ੍ਰਦੇਸਾਂ ਵਿਚ ਵਸਦੇ ਪੰਜਾਬੀਆਂ ਨੂੰ ਪੰਜਾਬੀ ਜੀਵਨ ਤੇ ਸਭਿਆਚਾਰ ਨਾਲ ਜੋੜੀ ਰੱਖਣ ਲਈ ਸ਼ਾਰਟ ਵੇਵ ਉਤੇ ਪੰਜਾਬੀ ਪਰੋਗਰਾਮ ਪਰਸਾਰ ਕਰਨ ਦਾ ਵੀ ਸ਼ੀਘਰ ਹੀ ਪ੍ਰਬੰਧ ਕੀਤਾ ਜਾਵੇ।

ਪੇਸ਼ ਕਰਨ ਵਾਲਾ : ਗੁਰਮੁਖ ਸਿੰਘ ਜੀਤ।
ਪ੍ਰੋੜ੍ਹਤਾ ਕਰਨ ਵਾਲਾ : ਸ: ਕੁਲਦੀਪ ਸਿੰਘ।

(੮) ਪੰਜਾਬੀ ਸਾਹਿੱਤ ਅਕਾਡਮੀ ਦਾ ਇਹ ਸਮਾਗਮ ਕੇਂਦਰੀ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ ਪੁਰਾਤਤਵ ਵਿਭਾਗ ਦੇ ਪੱਛਮੋਤਰੀ ਮੰਡਲ ਦਾ ਪੱਕਾ ਘਰ ਪੰਜਾਬ ਵਿਚ, ਖਾਸ ਕਰਕੇ, ਪਟਿਆਲੇ ਵਿਚ, ਸਥਾਪਿਤ ਕਰੇ ਕਿਉਂਕਿ ਪੰਜਾਬ, ਜਿਸ ਨੂੰ ਭਾਰਤੀ ਸਭਿਅਤਾ ਦੇ ਸਭ ਤੋਂ ਪਹਿਲੇ ਕੇਂਦਰ ਹੋਣ ਦਾ ਮਾਣ ਪ੍ਰਾਪਤ ਹੈ। ਹੁਣ ਤਕ ਇਸ ਵਿਭਾਗ ਵਲੋਂ ਅਣਗੌਲਿਆ ਹੀ ਪਿਆ ਰਹਿਆ ਹੈ। ਇਹ ਸਮਾਗਮ ਪੰਜਾਬ ਸਰਕਾਰ ਪਾਸੋਂ ਆਸ ਰਖਦਾ ਹੈ ਕਿ ਉਹ ਭੀ ਇਸ ਦੀ ਪੂਰਤੀ ਲਈ ਕੇਂਦਰੀ ਸਰਕਾਰ ਤੇ ਜ਼ੋਰ ਪਾਵੇ।

ਪੇਸ਼ ਕਰਨ ਵਾਲਾ : ਪ੍ਰੋ: ਪ੍ਰੀਤਮ ਸਿੰਘ।
ਪ੍ਰੋੜ੍ਹਤਾ ਕਰਨ ਵਾਲਾ : ਡਾ: ਗੰਡਾ ਸਿੰਘ।

(੯) ਪੰਜਾਬੀ ਬੋਲੀ ਤੇ ਸਾਹਿੱਤ ਦੀ ਉੱਨਤੀ ਤੇ ਉਸਾਰੀ ਲਈ ਸਭ ਤੋਂ

ਜ਼ਰੂਰੀ ਕੰਮ ਇਸ ਦੇ ਖਿੰਡੇ-ਪੁੰਡੇ ਸਾਹਿੱਤ ਤੇ ਹੋਰ ਸਮਗਰੀ ਨੂੰ ਇਕੱਠਾ ਕਰ ਕੇ ਕਿਸੇ ਕੇਂਦਰੀ ਸ਼ਹਿਰ ਜਾਂ ਪੰਜਾਬ ਦੀ ਰਾਜਧਾਨੀ (ਚੰਡੀਗੜ੍ਹ) ਵਿਚ ਇਕ ਰੈਫ਼ਰੈਂਸ ਲਾਇਬਰੇਰੀ ਬਣਾ ਕੇ ਸੰਭਾਲਣਾ ਹੈ । ਇਸ ਲਈ ਇਹ ਕਾਨਫ਼ਰੰਸ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਇਸ ਕੰਮ ਨੂੰ ਆਪਣੇ ਹੱਥ ਵਿਚ ਲਏ ਅਤੇ ਇਸ ਸੰਬੰਧ ਵਿਚ–

੧. ਕੋਈ ਉਚੇਚੀ ਏਜੰਸੀ ਨਿਯਤ ਕਰ ਕੇ ਸਭ ਪਿੰਡਾਂ ਸ਼ਹਿਰਾਂ ਤੋਂ ਪੁਰਾਤਨ ਹੱਥ-ਲਿਖਤਾਂ, ਦੁਰਲਭ ਪੁਸਤਕਾਂ, ਤਾਮਰ ਪੱਤਰ, ਸਿਲਾ-ਲੇਖ ਤੇ ਪੁਰਾਤਨ ਸਿੱਕੇ ਇਕੱਠੇ ਕਰਵਾਏ ;

੨. ਇਉਂ ਹੀ ਪਾਕਿਸਤਾਨ, ਯੋਰਪ ਤੇ ਏਸ਼ੀਆ ਦੀਆਂ ਲਾਇਬਰੇਰੀਆਂ ਵਿਚ ਪੰਜਾਬੀ ਬੋਲੀ, ਸਾਹਿੱਤ ਤੇ ਸਭਿਆਚਾਰ ਬਾਰੇ ਪਏ ਹੋਏ ਸਾਹਿੱਤ ਤੇ ਸਮਗਰੀ ਦੇ ਲਿਖਤੀ ਜਾਂ ਤਸਵੀਰੀ ਉਤਾਰੇ ਪ੍ਰਾਪਤ ਕਰੇ;

੩. ਫਿਰ ਇਨ੍ਹਾਂ ਨੂੰ ਚੰਡੀਗੜ੍ਹ ਜਾਂ ਕਿਸੇ ਹੋਰ ਕੇਂਦਰੀ ਸ਼ਹਿਰ ਵਿਚ ਇਕ ਰੈਫ਼ਰੈਂਸ ਲਾਇਬਰੇਰੀ ਬਣਾ ਕੇ ਸੰਭਾਲੇ ;

੪. ਨਾਲੇ ਉਨ੍ਹਾਂ ਬਾਰੇ ਲੁੜੀਂਦੀ ਖੋਜ ਕਰਵਾਉਣ ਲਈ ਇਕ ਖੋਜ-ਕੇਂਦਰ ਕਾਇਮ ਕਰੇ ।

ਪੇਸ਼ ਕਰਨ ਵਾਲਾ : ਪ੍ਰੋ: ਹਰਨਾਮ ਸਿੰਘ ਸ਼ਾਨ ।
ਪ੍ਰੋੜ੍ਹਤਾ ਕਰਨ ਵਾਲਾ : ਸ. ਗੁਰਭਗਤ ਸਿੰਘ ।

(੨੦) ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਇਸ ਗਲ ਉਤੇ ਬੜੀ ਚਿੰਤਾ ਪ੍ਰਗਟ ਕਰਦੀ ਹੈ ਕਿ ਪੰਜਾਬ ਰਾਜ ਦੇ ਸਕੂਲਾਂ ਤੇ ਕਾਲਜਾਂ ਦੀਆਂ ਲਾਇਬਰੇਰੀਆਂ ਵਿਚ ਪੰਜਾਬੀ ਪੁਸਤਕਾਂ ਦੀ ਬੜੀ ਘਾਟ ਹੈ । ਇਹ ਸਮਾਗਮ ਪੰਜਾਬ ਸਰਕਾਰ ਤੋਂ ਇਹ ਮੰਗ ਕਰਦਾ ਹੈ ਕਿ ਇਸ ਘਾਟ ਨੂੰ ਪੂਰਾ ਕਰਨ ਲਈ ਉਚੇਚੀ ਸਹਾਇਤਾ ਦਿਤੀ ਜਾਵੇ ।

ਪੇਸ਼ ਕਰਨ ਵਾਲਾ : ਬੀਬੀ ਦਰਸ਼ਨ ਕੌਰ ।
ਪ੍ਰੋੜ੍ਹਤਾ ਕਰਨ ਵਾਲਾ : ਪ੍ਰੋ: ਕੇਸਰ ਸਿੰਘ ।

## (ਅ) ਪ੍ਰਕਾਸ਼ਕ ਕਾਨਫ਼ਰੰਸ

(੧) ਅੱਜ ੨੧.੫.੬੦. ਨੂੰ ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਵਾਰਸ਼ਕ ਕਾਨਫ਼ਰੰਸ ਸਮੇਂ ਪ੍ਰਕਾਸ਼ਕਾਂ ਦੀ ਇਹ ਬੈਠਕ ਅਨੁਭਵ ਕਰਦੀ ਹੈ ਕਿ

ਸਰਕਾਰ ਵਲੋਂ ਵੱਖ ਵੱਖ ਅਦਾਰਿਆਂ ਰਾਹੀਂ ਪੁਸਤਕਾਂ ਖਰੀਦੀਆਂ ਜਾਂਦੀਆਂ ਹਨ ਉਹ ਛਪਾਈ ਤੇ ਲਿਖਤ ਦੇ ਪਖੋਂ ਕਾਫ਼ੀ ਘਟੀਆ ਤੇ ਕੀਮਤ ਵਲੋਂ ਮਹਿੰਗੀਆਂ ਹੁੰਦੀਆਂ ਹਨ। ਇਹ ਸਭ ਕੁਝ ਹੋਣ ਵਿਚ ਕਈ ਅਯੋਗ ਸਾਧਨ ਵਰਤੇ ਜਾਂਦੇ ਹਨ।

ਇਸ ਤਰ੍ਹਾਂ ਦੀ ਖਰੀਦ ਨਾਲ ਜਿਥੇ ਚੰਗੀਆਂ ਪੁਸਤਕਾਂ ਦੀ ਵਿਕਰੀ ਘਟਦੀ ਹੈ, ਸੁੰਦਰ ਛਪਾਈ ਲਈ ਉਤਸ਼ਾਹ ਨਹੀਂ ਮਿਲਦਾ ਉਥੇ ਸਰਕਾਰ ਦਾ ਲਖਾਂ ਰੁਪਿਆ ਗਲਤ ਵਰਤੋਂ ਹੋ ਰਹਿਆ ਹੈ। ਇਸ ਢੰਗ ਨਾਲ ਲਾਇਬਰੇਰੀਆਂ ਵਿਚ ਗਈਆਂ ਪੁਸਤਕਾਂ ਪਾਠਕਾਂ ਲਈ ਵੀ ਲਾਭਕਾਰੀ ਨਹੀਂ ਹੁੰਦੀਆਂ।

ਇਸ ਲਈ ਇਹ ਪ੍ਰਕਾਸ਼ਕ ਕਾਨਫ਼ਰੰਸ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਸਰਕਾਰ ਵਲੋਂ ਪੁਸਤਕਾਂ ਖਰੀਦਣ ਵਾਸਤੇ ਇਕ ਅਜੇਹਾ ਸਾਂਝਾ ਬੋਰਡ ਬਣਾਇਆ ਜਾਵੇ ਜਿਸ ਵਿਚ ਲਿਖਾਰੀ ਸਭਾਵਾਂ ਦੇ ਪ੍ਰਤੀਨਿਧ, ਪ੍ਰਕਾਸ਼ਕਾਂ ਦੇ ਨੁਮਾਇੰਦੇ ਤੇ ਸਬੰਧਤ ਸਰਕਾਰੀ ਕਰਮਚਾਰੀ ਹੋਣ। ਇਹ ਬੋਰਡ ਸਰਕਾਰ ਰਾਹੀਂ ਖਰੀਦੀਆਂ ਜਾਣ ਵਾਲੀਆਂ ਪੁਸਤਕਾਂ ਛਪਾਈ ਵਿਸ਼ੇ ਤੇ ਮੁਲ ਦੇ ਪਖੋਂ ਵੇਖ ਕੇ ਤਜਵੀਜ਼ ਕਰੇ ਤੇ ਖਰੀਦੇ। ਇਹ ਢੰਗ ਅਪਨਾਣ ਨਾਲ ਜਿਥੇ ਪੁਸਤਕਾਂ ਦੀ ਖਰੀਦ ਵਿਚ ਅਯੋਗ ਸਾਧਣ ਹਟ ਜਾਣਗੇ, ਉਥੇ ਲੇਖਕਾਂ ਨੂੰ ਯੋਗ ਮਿਹਨਤਾਨਾ ਮਿਲ ਸਕੇਗਾ ਤੇ ਪਾਠਕਾਂ ਨੂੰ ਸੁਚੱਜੀਆਂ ਵਧੀਆ ਛਪੀਆਂ ਪੁਸਤਕਾਂ।

ਪੇਸ਼ ਕਰਨ ਵਾਲਾ : ਸ. ਜਗੀਰ ਸਿੰਘ ਜਗਤਾਰ (ਪੰਜਾਬੀ ਸਾਹਿੱਤ ਸਭਾ ਬਰਨਾਲਾ)

ਪ੍ਰੋੜ੍ਹਤਾ ਕਰਨ ਵਾਲਾ : ਸ. ਗੁਰਮੁਖ ਸਿੰਘ ਜੀਤ (ਦਿੱਲੀ)

(੨) ਅਜ ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਸਮੇਂ ਜੁੜੇ ਪ੍ਰਕਾਸ਼ਕਾਂ ਦਾ ਇਕਠ ਅਨੁਭਵ ਕਰਦਾ ਹੈ ਕਿ ਪ੍ਰਕਾਸ਼ਨ ਦੇ ਕੰਮ ਵਿੱਚ ਨਰੋਆ-ਪਣ ਲਿਆਣ ਤੇ ਲੇਖਕਾਂ ਨਾਲ ਸਿਹਤਮੰਦ ਸੰਬੰਧ ਬਣਾਨ ਲਈ ਪ੍ਰਕਾਸ਼ਕਾਂ ਦਾ ਕਾਰੋਬਾਰ ਨਿਯਮ-ਬੱਧ ਹੋਵੇ।

ਇਸ ਲਈ ਇਹ ਇਕੱਠ ਸਾਰੇ ਪ੍ਰਕਾਸ਼ਕਾਂ ਅਗੇ ਅਪੀਲ ਕਰਦਾ ਹੈ ਕਿ ਆਪਸ ਵਿੱਚ ਤੇ ਲੇਖਕਾਂ ਨਾਲ ਮਿਲ ਕੇ ਛਪਾਈ ਦੇ ਮਿਆਰਾਂ, ਲੇਖਕਾਂ ਨੂੰ ਮਿਹਨਤਾਨਾ ਦੇਣ, ਕੀਮਤ ਨੀਯਤ ਕਰਨ ਤੇ ਅਗੇ ਕਮਿਸ਼ਨ ਦੇਣ ਬਾਰੇ ਨਿਯਮ ਬਣਾ ਲੈਣ; ਜਿਹਨਾਂ ਦੀ ਪਾਲਣਾ ਕਰਨਾ ਹਰ ਪ੍ਰਕਾਸ਼ਕ ਲਈ ਜ਼ਰੂਰੀ ਹੋਵੇ। ਜੇ ਪ੍ਰਕਾਸ਼ਕਾਂ ਵਲੋਂ ਆਪ ਬਣਾਏ ਨਿਯਮਾਂ ਦੀ ਉਲੰਘਣਾ ਕਰੇ ਉਸ ਲਈ ਭਾਈਚਾਰਕ ਦੰਡ ਵੀ ਮਿਥੇ ਜਾਣ।

(੩) ਅਜ ਪੰਜਾਬੀ ਸਾਹਿੱਤ ਅਕਾਡਮੀ ਦੀ ਛੇਵੀਂ ਕਾਨਫ਼ਰੰਸ ਸਮੇਂ ਜੁੜਿਆਂ

ਪ੍ਰਕਾਸ਼ਕਾਂ ਦਾ ਇਕਠ ਅਨੁਭਵ ਕਰਦਾ ਹੈ ਕਿ ਪੁਸਤਕਾਂ ਪਾਠਕਾਂ ਤਕ ਪਹੁਚਾਣ ਲਈ ਮੌਜੂਦਾ ਡਾਕ ਖਰਚ ਬਹੁਤ ਜ਼ਿਆਦਾ ਹੈ।

ਇਸ ਲਈ ਇਹ ਕਾਨਫ਼ਰੰਸ ਭਾਰਤ ਸਰਕਾਰ ਤੋਂ ਮੰਗ ਕਰਦੀ ਹੈ ਕਿ ਪੁਸਤਕਾਂ ਉਤੇ ਡਾਕ ਖਰਚ ਇਸ ਹੱਦ ਤੱਕ ਘਟ ਕੀਤਾ ਜਾਵੇ ਤਾਂ ਜੋ ਇਕ ਇਕ ਪੁਸਤਕ ਵੀ ਦੂਰ ਦੁਰਾਡੇ ਬੈਠੇ ਪਾਠਕਾਂ ਤੱਕ ਸੌਖਿਆਂ ਤੇ ਘੱਟ ਮੁਲ ਵਿਚ ਪਹੁੰਚਾਈ ਜਾਵੇ।

ਪੇਸ਼ ਕਰਨ ਵਾਲਾ : ਪ੍ਰੋ: ਸ. ਸ. ਪਦਮ।
ਪ੍ਰੋ-ੜ੍ਹਤਾ ਕਰਨ ਵਾਲਾ : ਸ: ਇੰਦਰਜੀਤ ਸਿੰਘ।

(੪) ਪ੍ਰਕਾਸ਼ਕ ਕਾਨਫ਼ਰੰਸ ਦਾ ਅਜ ਦਾ ਇਹ ਸਮਾਗਮ ਪੰਜਾਬ ਸਰਕਾਰ ਦੇ ਪੰਜਾਬੀ ਪ੍ਰਕਾਸ਼ਕ ਵਿਭਾਗ ਨੂੰ ਜ਼ੋਰਦਾਰ ਸ਼ਬਦਾਂ ਵਿਚ ਆਖਦਾ ਹੈ ਕਿ ਉਹ ਵਿਭਾਗ ਵਲੋਂ ਅਤੇ ਛੋਟੀਆਂ ਕਲਾਸਾਂ ਲਈ ਪੁਸਤਕਾਂ ਛਾਪਣ ਵਾਲੇ ਵਿਭਾਗ ਵਲੋਂ ਐਸੀਆਂ ਪੁਸਤਕਾਂ ਛਾਪੇ ਛਪਵਾਏ ਜਿਨ੍ਹਾਂ ਦੀ ਛਪਾਈ ਸਾਫ਼ ਹੋਵੇ ਕਾਗਜ਼ ਵੀ ਚੰਗਾ ਹੋਵੇ। ਹੁਣ ਤਕ ਛਪੀਆਂ ਵਿਭਾਗ ਦੀਆਂ ਪੁਸਤਕਾਂ ਇਸ ਪਖ ਤੋਂ ਨਿਰਾਸ਼ਾ ਭਰੀਆਂ ਹਨ। ਅਗੇ ਲਈ ਵਧੇਰੇ ਸਾਵਧਾਨੀ ਵਰਤੀ ਜਾਵੇ।

## (ੲ) ਪੱਤਰਕਾਰ ਕਾਨਫ਼ਰੰਸ

(੧) ਪੰਜਾਬੀ ਪੱਤਰਕਾਰਾਂ ਦੀ ਕਾਨਫ਼ਰੰਸ ਸਮੂੰਹ ਪੰਜਾਬੀ ਪ੍ਰੇਮੀਆਂ ਨੂੰ ਅਪੀਲ ਕਰਦੀ ਹੈ ਕਿ ਉਹ ਪੰਜਾਬੀ ਪੱਤਰਾਂ ਦਾ ਪਿੜ ਚੌੜਾ ਕਰਨ ਲਈ ਇਹ ਪਰਣ ਕਰਨ ਕਿ ਹਰ ਪੰਜਾਬੀ ਪਰਵਾਰ ਘਟੋ ਘਟ ਇਕ ਪੰਜਾਬੀ ਦੈਨਿਕ, ਸਪਤਾਹਿਕ ਤੇ ਮਾਸਕ ਪੱਤਰ ਖਰੀਦਣ।

(੨) ਇਹ ਕਾਨਫ਼ਰੰਸ ਸਭ ਪੰਜਾਬੀ ਪ੍ਰੇਮੀਆਂ ਦਾ ਧਿਆਨ ਆਪਣੇ ਪਿਛਲੇ ਮਤੇ ਵਲ ਦਿਵਾਉਂਦੀ ਹੈ ਜਿਸ ਵਿਚ ਵਿਸਾਖੀ ਤੇ ਦੀਵਾਲੀ ਦੇ ਕੌਮੀ ਤਿਉਹਾਰਾਂ ਨੂੰ ਪੰਜਾਬੀ ਸਾਹਿਤ ਦੇ ਪਰਚਾਰ ਦੇ ਤਿਉਹਾਰ ਬਨਾਉਣ ਉਤੇ ਜ਼ੋਰ ਦਿਤਾ ਗਇਆ ਸੀ।

(੩) ਇਹ ਕਾਨਫ਼ਰੰਸ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਉਹ ਆਪਣੀ ਇਸ਼ਤਿਹਾਰ ਦੇਣ ਦੀ ਪਾਲਸੀ ਨੂੰ ਇਹਨਾਂ ਦੇ ਪੱਖਾਂ ਤੋਂ ਬਦਲੇ :

ੳ. ਇਸ਼ਤਿਹਾਰਾਂ ਵਿਚ ਪੰਜਾਬੀ ਦਾ ਹਿੱਸਾ ਵਧਾਇਆ ਜਾਏ ਅਤੇ ਅੰਗਰੇਜ਼ੀ ਉਰਦੂ ਦਾ ਘਟਾਇਆ ਜਾਏ।

ਅ. ਇਸ਼ਤਿਹਾਰ ਦੇਣ ਸਮੇਂ ਅਖਬਾਰਾਂ ਦੀ ਛਪਣ-ਗਿਣਤੀ ਤੇ ਅਸਰ-

ਰਸੂਖ ਦੇ ਘੇਰੇ ਨੂੰ ਹੀ ਮੁਖ ਰਖਿਆ ਜਾਏ, ਸਿਆਸੀ ਵਿਤਕਰੇ ਤੋਂ ਕੰਮ ਨਾ ਲਇਆ ਜਾਏ।

(੪) ਇਹ ਕਾਨਫ਼ਰੰਸ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਪਾਸੋਂ ਮੰਗ ਕਰਦੀ ਹੈ ਕਿ ਉਹ ਪੰਜਾਬੀ ਵਿਚ ਲਾਇਨੋ ਤੇ ਮੋਨੋ ਟਾਈਪ ਮਸ਼ੀਨਾਂ ਲਗਵਾਉਣ ਲਈ ਨਿੱਗਰ ਕਦਮ ਪੁਟੇ।

(੫) ਇਹ ਕਾਨਫ਼ਰੰਸ ਪੰਜਾਬ ਸਰਕਾਰ ਨੂੰ ਅਪੀਲ ਕਰਦੀ ਹੈ ਕਿ ਉਹ ਪੰਜਾਬੀ ਦੇ ਦੈਨਿਕ ਪੱਤਰਾਂ ਨੂੰ ਖ਼ਬਰ-ਪੁਚਾਊ ਏਜੰਸੀਆਂ ਤੋਂ ਸਸਤੇ ਨਿਰਖ਼ਾਂ ਉਤੇ ਖਬਰਾਂ ਲੈ ਕੇ ਦੇਣ ਦਾ ਪ੍ਰਬੰਧ ਕਰੇ ਤਾਂ ਜੁ ਪੰਜਾਬੀ ਪੱਤਰਕਾਰੀ ਦੀ ਪੱਧਰ ਪਿਆਰੀ ਹੋ ਸਕੇ।

(੬) ਇਹ ਕਾਨਫ਼ਰੰਸ ਦੇਸ ਦੇ ਵਡੇ ਸ਼ਹਿਰਾਂ ਵਿਚ ਚੋਖੀ ਗਿਣਤੀ ਵਿਚ ਵਸਣ ਵਾਲੇ ਪੰਜਾਬੀ ਵੀਰਾਂ ਨੂੰ ਖਾਸ ਕਰ ਦਿੱਲੀ, ਕਲਕਤਾ ਤੇ ਬੰਬਈ ਦੇ ਪੰਜਾਬੀ ਵੀਰਾਂਨੂੰ ਬੇਨਤੀ ਕਰਦੀ ਹੈ ਕਿ ਉਹ ਪੰਜਾਬੀ ਸਾਹਿੱਤ ਦੇ ਪਰਚਾਰ ਖਾਤਰ ਪੰਜਾਬੀ ਸਾਹਿਤਕ ਮੇਲੇ ਲਾਉਣ ਦਾ ਰਵਾਜ ਤੋਰਨ ਜਿਨ੍ਹਾਂ ਸਮੇਂ ਪੰਜਾਬੀ ਸਭਿਆਚਾਰ ਤੇ ਸਾਹਿਤ ਦੀਆਂ ਵਧੀਆਂ ਕਿਰਤਾਂ ਗੈਰ-ਪੰਜਾਬੀਆਂ ਸਾਹਮਣੇ ਆਉਣ। ਕਵੀ ਦਰਬਾਰ, ਨਾਟਕ ਦਰਬਾਰ, ਸਾਹਿਤ ਸੰਮੇਲਨ, ਉਤਮ ਸਾਹਿਤਕ ਲੇਖਕਾਂ ਤੇ ਪੁਸਤਕਾਂ ਦਾ ਸਨਮਾਨ ਆਦਿ ਇਹਨਾਂ ਪੰਜਾਬੀ ਮੇਲਿਆਂ ਦਾ ਭਾਗ ਹੋਵੇ।

## (ਸ) ਵਿਦਿਆਰਥੀ ਵਿਭਾਗੀ ਕਾਨਫ਼ਰੰਸ

ਪੰਜਾਬੀ ਸਾਹਿਤ ਅਕਾਡਮੀ ਦੀ ਛੱਤਰ ਛਾਇਆ ਹੇਠ ਹੋਇਆ ਵਿਦਿਆਰਥੀਆਂ ਦਾ ਇਹ ਸਮਾਗਮ ਪੰਜਾਬ ਯੂਨੀਵਰਸਟੀ ਤੇ ਸਰਕਾਰ ਪਾਸੋਂ ਮੰਗ ਕਰਦਾ ਹੈ ਕਿ (੧) ਵਿਸ਼ਵ ਦੀਆਂ ਮਹਾਨ ਰਚਨਾਵਾਂ ਦੇ ਅਨੁਵਾਦ ਵੀ ਐਮ. ਏ. ਵਿਸ਼ੇਸ਼ ਕਰ ਕੇ ਪੰਜਾਬੀ ਐਮ. ਏ. ਦੀ ਪ੍ਰੀਖਿਆ ਵਿਚ ਲਾਇਆ ਕਰੇ ਤਾਂ ਜੋ ਵਿਦਿਆਰਥੀਆਂ ਨੂੰ ਅਨਜ ਮਹਾਨ ਰਚਨਾਵਾਂ ਦਾ ਬੋਧ ਹੋ ਸਕੇ।

(੨) ਯੂਨੀਵਰਸਟੀ ਤੇ ਪੰਜਾਬ ਸਰਕਾਰ ਵੀ ਖਿਆਲ ਰਖੇ ਕਿ ਕਿਸੇ ਵੀ ਜਮਾਤ ਵਿਚ ਵਿਦਿਆਰਥੀਆਂ ਦੀ ਗਿਣਤੀ ੪੦ ਤੋਂ ਨਾ ਵਧੇ ਤਾਂ ਜੋ ਵਿਦਿਆਰਥੀ ਨੂੰ ਅਧਿਆਪਕ ਦਾ ਨਿਕਟ-ਧਿਆਨ ਪ੍ਰਾਪਤ ਹੋ ਸਕੇ।

(੩) ਸਕੂਲਾਂ ਤੇ ਯੂਨੀਵਰਸਟੀ ਦੇ ਪੰਜਾਬੀ ਕੋਰਸਾਂ ਦੇ ਸਿਲੇਬਸ ਵਿਦਿਆਰਥੀਆਂ ਦੀ ਆਯੂ ਨੂੰ ਮੁਖ ਰਖ ਕੇ ਧੀਰੇ ਧੀਰੇ ਔਖੇ ਕੀਤੇ ਜਾਣ, ਇਕ ਦਮ ਨਹੀਂ।

(੪) ਚੂੰਕਿ ਨਵੀਨ ਹਾਇਰ ਸਕੈਕੰਡਰੀ ਸਿਲੇਬਸ ਵਿਚ ਪੰਜਾਬੀ ਪ੍ਰਧਾਨ

ਵਿਸ਼ੇ ਵਜੋਂ ਨਹੀਂ ਹੈ, ਇਸ ਨੂੰ ਕਾਲਿਜ ਦੇ ਪ੍ਰਧਾਨ ਵਿਸ਼ਿਆਂ ਵਿਚ ਸ਼ਾਮਲ ਕਰ ਲਇਆ ਜਾਵੇ ਤਾਂ ਜੋ ਸਕੂਲ ਅਤੇ ਕਾਲਿਜ ਦੀ ਸਿਖਿਆ ਪ੍ਰਣਾਲੀ ਵਿਚ ਇਹ ਤੇੜ ਭਰੀ ਜਾ ਸਕੇ।

(੫) ਸਾਮਾਜਿਕ ਸੇਵਾਵਾਂ ਤੇ ਪੁਸਤਕਾਂ ਵਿਦਿਆਰਥੀਆਂ ਦੇ ਪ੍ਰਯੋਗ ਲਈ ਛੇਤੀ ਤੋਂ ਛੇਤੀ ਪ੍ਰਾਪਤ ਕੀਤੀਆਂ ਜਾਣ।

(੬) ਯੂਨੀਵਰਸਟੀ ਦੇ ਅਧਿਕਾਰੀ ਵਿਦਿਆਰਥੀ ਸੰਘਾਂ ਦੇ ਸੁਤੰਤਰਤਾ ਨਾਲ ਚੱਲਣ ਵਿਚ ਵਿਘਨ ਨ ਪਾਇਆ ਕਰਨ ਕਿਉਂ ਜੋ ਇਹ ਗਲ ਸਾਡੇ ਵਿਧਾਨ ਦੇ ਜਨਤੰਤਰੀ ਅਸੂਲਾਂ ਦੇ ਵਿਰੁਧ ਹੈ।

(੭) ਯੂਨੀਵਰਸਟੀ ਤੇ ਪੰਜਾਬ ਸਰਕਾਰ ਪ੍ਰਿੰਸੀਪਲਾਂ ਤੇ ਮੁਖ-ਅਧਿਆਪਕ ਦੀਆਂ ਕਾਨਫ਼ਰੰਸਾਂ ਵਾਂਗ ਵਿਦਿਆਰਥੀਆਂ ਦੀਆਂ ਕਾਨਫ਼ਰੰਸ ਵੀ ਲਾਇਆ ਕਰਨ ਤਾਂ ਜੋ ਉਹ ਆਪਣੀਆਂ ਸਮਸਿਆਵਾਂ ਤੇ ਵਿਚਾਰ ਕਰ ਸਕਿਆ ਕਰਨ।

(੮) ਸਾਮਾਜਿਕ ਸੇਵਾਵਾਂ ਦੀ ਪ੍ਰੀਖਿਆ ਲਈ ਐਮ. ਏ. ਤਕ ਪੰਜਾਬੀ ਭਾਸ਼ਾ ਦਾ ਮਾਧਿਅਮ ਵਰਤਣ ਦੀ ਆਗਿਆ ਦਿਤੀ ਜਾਵੇ।

(੯) ਵਿਦਿਆਰਥੀਆਂ ਦੀਆਂ ਇਹਨਾਂ ਲੋੜਾਂ ਤੇ ਹਮਦਰਦੀ ਨਾਲ ਸੋਚਿਆ ਤੇ ਸਵੀਕਾਰ ਕੀਤਾ ਜਾਵੇ।

## (ਹ) ਅਧਿਆਪਕ ਕਾਨਫ਼ਰੰਸ

ਛੇਵੀਂ ਸਰਬ ਹਿੰਦ ਪੰਜਾਬੀ ਕਾਨਫ਼ਰੰਸ ਸਮੇਂ ਪੰਜਾਬੀ ਸਾਹਿੱਤ ਅਕਾਡਮੀ ਦੀ ਛਤਰ ਛਾਇਆ ਹੇਠ ਹੋਈ ਇਹ ਅਧਿਆਪਕ ਕਾਨਫ਼ਰੰਸ ਰਾਜ ਸਰਕਾਰ ਤੇ ਯੂਨੀਵਰਸਟੀ ਪਾਸੋਂ ਮੰਗ ਕਰਦੀ ਹੈ ਕਿ—

(੧) ਰਾਜ ਦੇ ਸਾਰੇ ਇਕ-ਅਧਿਆਪਕੀ ਸਕੂਲਾਂ ਨੂੰ ਦੋ-ਅਧਿਆਪਕੀ ਸਕੂਲਾਂ ਵਿਚ ਬਦਲਿਆ ਜਾਵੇ ਅਤੇ ਇਹ ਕਿ ਉਥੇ ਲਾਏ ਜਾਣ ਵਾਲੇ ਅਧਿਆਪਕਾਂ ਵਿਚ ਘਟੋ ਘਟ ਇਕ ਪੰਜਾਬੀ ਭਾਸ਼ਾ ਵਿਚ ਨਿਪੁੰਣ ਹੋਵੇ।

(੨) ਸਕੂਲਾਂ ਵਿਚ ਅਧਿਆਪਕ ਲਾਉਣ ਸਮੇਂ ਪੰਜਾਬੀ ਜਾਣਦੇ ਅਧਿਆਪਕਾਂ ਨੂੰ ਤਰਜੀਹ ਦਿੱਤੀ ਜਾਵੇ।

(੩) ਪੰਜਾਬੀ ਦੇ ਇਖਤਿਆਰੀ ਇਮਤਿਹਾਨ ਲਈ ਕੋਰਸ ਬਹੁਤ ਲੰਬੇ ਜਾਂ ਕਠਿਣ ਪੁਸਤਕਾਂ ਨਾ ਲਾਈਆਂ ਜਾਇਆ ਕਰਨ।

(੪) ਪੂਰਬੀ ਭਾਸ਼ਾਵਾਂ ਲਈ ਸਰਕਾਰ ਗੋਸ਼ਟੀਆਂ ਤੇ ਕਾਨਫ਼ਰੰਸਾਂ

ਲਾਇਆ ਕਰੇ।

(੫) ਪੰਜਾਬ ਯੂਨੀਵਰਸਟੀ ਸਕੂਲ-ਅਧਿਆਪਕਾਂ ਨੂੰ ਯੂਨੀਵਰਸਟੀ ਸੈਨੇਟ ਤੇ ਬੋਰਡ ਔਫ਼ ਸਟੱਡੀਜ਼ ਤੇ ਪ੍ਰਤੀਨਿਧਤਾ ਦੇਵੇ, ਜਿਵੇਂ ਕਿ ਹੈਡਮਾਸਟਰਾਂ, ਪ੍ਰਿੰਸੀਪਲਾਂ ਤੇ ਲੈਕਚਰਾਰਾਂ ਨੂੰ ਮਿਲੀ ਹੋਈ ਹੈ!

(੬) ਸਕੂਲਾਂ ਵਿਚ ਲੱਗੀਆਂ ਕਿਤਾਬਾਂ ਦੀ ਸੰਪਾਦਨਾ ਤੇ ਛਪਾਈ ਦਾ ਕੰਮ ਸਕੂਲ ਅਧਿਆਪਕ ਨੂੰ ਦਿਤਾ ਜਾਇਆ ਕਰੇ।

(੭) ਸਕੂਲ ਅਧਿਆਪਕਾਂ ਨੂੰ ਕੰਮ ਕਰਨ ਲਈ ਹਫ਼ਤੇ ਵਿਚ ੨੫ ਪੀਰੀਅਡ ਤੋਂ ਵਧ ਨਾ ਦਿਤੇ ਜਾਇਆ ਕਰਨ।

(੮) ਇਮਤਿਹਾਨ ਦੇਣ ਲਈ ਅਧਿਆਪਕਾਂ ਨੂੰ ਇਕ ਮਹੀਨੇ ਦੀ ਛੁਟੀ ਲੈਣ ਲਈ ਮਜਬੂਰ ਨਾ ਕੀਤਾ ਜਾਇਆ ਕਰੇ। ਉਹਨਾਂ ਨੂੰ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਕਿ ਉਹ ਆਪਣੀ ਯੋਗਤਾ ਨੂੰ ਵਧਾ ਸਕਣ।


ਪੰਜਾਬੀ ਸਾਹਿੱਤ ਅਕਾਡਮੀ ਦੀ ਨਵੀਂ ਪੁਸਤਕ

**ਵਾਰ ਸ਼ਾਹ ਮੁਹੰਮਦ**

ਕ੍ਰਿਤ

ਪ੍ਰਿੰਸੀਪਲ ਸੀਤਾ ਰਾਮ ਕੋਹਲੀ ਤੇ ਪ੍ਰੋ: ਸੇਵਾ ਸਿੰਘ

ਛੱਪ ਕੇ ਤਿਆਰ ਹੈ।

ਮੁਲ ਕੇਵਲ ੪)

ਭੇਜਣ ਲਈ ਲਿਖੋ :

ਸਕੱਤਰ

ਪੰਜਾਬੀ ਸਾਹਿੱਤ ਅਕਾਡਮੀ

੫੫੫ ਮਾਡਲ ਟਾਊਨ, ਲੁਧਿਆਣਾ।

ਲੇਖ ਰਾਜ 'ਪਰਵਾਨਾ' ਚੰਡੀਗੜ੍ਹ—

# ਸਾਹਿੱਤਕ ਸਮਾਲੋਚਨਾ ਤੇ ਉਸ ਦਾ ਮਹਤਵ

ਸਮਾਲੋਚਨਾ ਜਾਂ ਆਲੋਚਨਾ ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਸਮ+ਆ+ਲੁਚ ਸ਼ਬਦ-ਸਮਾਸ ਤੋਂ ਉਤਪੰਨ ਹੋਇਆ ਹੈ ਜਿਸ ਦੇ ਅਰਥ ਹਨ ਦੇਖਣਾ, ਘੋਖਣਾ, ਨਿਰੀਖਣ ਕਰਨਾ ਜਾਂ ਪੜਤਾਲ ਕਰਨਾ। ਭਾਵ ਸਮਾਲੋਚਨਾ ਸ਼ਬਦ ਦਾ ਅਰਥ ਸਾਹਿਤਕ ਕਿਰਤਾਂ ਦਾ ਪੜਚੋਲਵਾਂ ਅਧਿਐਨ ਜਾਂ ਉਲੇਖ ਕਰਨਾ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਭਾਂਡੇ ਨੂੰ ਸਾਫ਼ ਕਰਨ, ਚਮਕਾਉਣ ਅਤੇ ਲਿਸ਼ਕਾਉਣ ਲਈ ਸਾਮਗ੍ਰੀ ਦੀ ਆਵੱਸ਼ਕਤਾ ਹੁੰਦੀ ਹੈ ਇਸੇ ਪਰਕਾਰ ਸਾਹਿਤ ਦੇ ਲਿਸ਼ਕ ਚਮਕ ਤੇ ਖਿਚਾਵ ਪੈਦਾ ਕਰਨ ਲਈ ਸਮਾਲੋਚਨਾ ਦੀ ਜ਼ਰੂਰਤ ਹੁੰਦੀ ਹੈ। ਕਪੜੇ ਧੋਣ ਲਈ ਭਾਵ ਦੁਧ-ਚਿਟੇ ਕਰਨ ਲਈ ਸਾਬਣ, ਪਾਣੀ ਅਤੇ ਪਰਿਸ਼੍ਰਮ ਦੀ ਲੋੜ ਹੈ ਤੇ ਫਿਰ ਸੁਕਾਉਣ ਲਈ ਰਵੀ-ਕਿਰਨਾਂ ਦੀ। ਇਸੇ ਤਰ੍ਹਾਂ ਆਲੋਚਨਾਤਮਕ ਸਾਮਗ੍ਰੀ ਦੀ ਲੋੜ ਸਾਹਿਤ ਨੂੰ ਨਰੋਆ, ਪ੍ਰਭਾਵਸ਼ਾਲੀ, ਕਲਿਆਣਕਾਰੀ ਅਤੇ ਨਿਰਣਯਜਨਕ ਬਣਾਉਣ ਦੀ ਹੈ। ਆਲੋਚਨਾ ਦੀ ਹੋਂਦ ਸਾਹਿਤ ਵਿਚ ਨਵੀਨਤਾ (Novelty) ਮੌਲਿਕਤਾ ਅਤੇ ਸਰਲਤਾ ਭਰਨ ਦੀ ਸੂਚਕ ਹੈ ਜਦ ਕਿ ਇਸ ਦੀ ਅਣਹੋਂਦ ਸਾਹਿਤ ਨੂੰ ਪੁਰਾਣੀਆਂ ਲੀਹਾਂ ਦੀ ਲਖਾਇਕ, ਮੌਲਿਕਤਾ-ਰਹਿਤ ਅਤੇ ਪੁਰਾਣੀਆਂ ਕੀ ਮਤਾਂ ਵਿਚ ਪਰਵੇਸ਼ਣ ਦੀ ਆਗਿਆ ਪਰਦਾਨ ਕਰਦੀ ਹੈ। ਕਲਾ ਦੀ ਸੁਚੱਜੀ ਪਰਖ ਤਾਂ ਹੀ ਹੋ ਸਕਦੀ ਹੈ ਜੇਕਰ ਸਮਾਲੋਚਨਾ ਦੀ ਹੋਂਦ ਨੂੰ ਵਿਕਸਿਤ ਕੀਤਾ ਗਇਆ ਹੋਵੇ। ਇਸ ਦੇ ਵਿਪਰੀਤ ਜੇਕਰ ਆਲੋਚਨਾ ਲਈ ਸਹਿਣ-ਸ਼ਕਤੀ, ਆਦਿਰਿ-ਆਉਣ ਦੀ ਕਾਂਖਾ ਨਾ ਹੋਵੇ ਤਾਂ ਸਾਹਿਤ ਦੀ ਉਤਪਤੀ ਛਿੱਕੇ ਟੰਗੀ ਜਾਂਦੀ ਹੈ। ਆਲੋਚਨਾ ਸਾਹਿਤਕ ਪਿੰਡੇ ਦਾ ਉਪਰੇਸ਼ਨ ਕਰਦੀ ਹੈ ਅਤੇ ਠੀਕ ਅਠੀਕ ਦੀ ਪਛਾਣ ਕਰਨ ਵਿਚ ਸਹਾਇਕ ਸਿਧ ਹੁੰਦੀ ਹੈ। ਇਸ ਦੇ ਸਹਯੋਗ ਨਾਲ ਸਾਹਿਤ ਵਿਚ ਸੁਚੱਜਤਾ, ਮੌਲਿਕਤਾ ਅਤੇ ਨਵੇਂ ਆਸ਼ਿਆਂ ਦੇ ਪਰਵੇਸ਼ ਦੀ ਸੰਭਾਵਨਾ ਪਰਤੱਖ ਹੋ ਜਾਂਦੀ ਹੈ। ਆਲੋਚਨਾ ਇਕ ਅਜਿਹੀ ਕਸਵੱਟੀ ਹੈ ਜਿਸ ਤੇ ਹਰ ਸਾਹਿਤਾਂਗ-ਸੋਨਾ ਪਰਖਿਆ ਜਾਂਦਾ ਹੈ। ਸੋਨੇ ਤੇ ਰੁੱਪੇ ਦੇ ਸਮਾਸ ਨੂੰ ਜਿਵੇਂ ਕਸਵੱਟੀ ਪਰਖਣ ਤੋਂ ਹੁੱਤ ਨਹੀਂ ਕਰਦੀ ਇਸੇ ਤਰ੍ਹਾਂ ਆਲੋਚਨਾਤਮਕ ਸਾਹਿਤਕ

ਕਸਵੱਟੀ ਸਾਹਿਤਾਂਗ ਨੂੰ ਪਰਖਣ ਤੋਂ ਕਦੇ ਨਹੀਂ ਝਿਜਕਦੀ । ਆਲੋਚਨਾ ਦਾ ਵਿਗਿਆਨਕ ਯੁਗ ਵਿਚ ਹੋਣਾ ਇੰਨਾ ਹੀ ਜ਼ਰੂਰੀ ਹੈ ਜਿੰਨਾ ਕਿ ਸਾਹਿਤਕ ਉੱਨਤੀ ਜਾਂ ਸਾਹਿਤਕ-ਉਸਾਰੀ ਦਾ। ਹਰ ਸਾਹਿਤ ਅੰਗ ਦੇ ਆਲੋਚਨਾਤਮਕ ਸਿਧਾਂਤ ਹੁੰਦੇ ਹਨ ਜਿਨ੍ਹਾਂ ਤੇ ਵਿਸਤਾਰ ਪੂਰਵਕ ਨਿਬੰਧ ਲਿਖ ਕੇ ਹੀ ਨਿਆਂ ਕੀਤਾ ਜਾ ਸਕਦਾ ਹੈ ਪਰੰਤੂ ਸਾਡਾ ਕੇਵਲ ਮੰਤਵ ਆਲੋਚਨਾਤਮਕ ਵਿਸ਼ਲੇਸ਼ਣ ਤਕ ਹੀ ਸੀਮਿਤ ਹੈ। ਇਸ ਲਈ ਸਮਾਲੋਚਨਾ ਦਾ ਵਿਸ਼ਲੇਸ਼ਣ ਕਰਨਾ ਹੀ ਉਚਿਤ ਹੋਵੇਗਾ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਜਨ-ਸਾਧਾਰਣ ਵਿਚ ਇਤਨੀ ਸਮਰਥਾ ਨਹੀਂ ਹੁੰਦੀ ਕਿ ਉਹ ਸਾਹਿਤ ਦਾ ਅਨੰਦ ਕੇਵਲ ਉਸ ਦੇ ਪਾਠ-ਮਾਤਰ ਨਾਲ ਪ੍ਰਾਪਤ ਕਰ ਸਕੇ। ਇਸ ਮੌਕੇ ਤੇ ਆਲੋਚਕ ਹੀ ਹੈ ਜਿਹੜਾ ਕੇਵਲ ਪਾਠਕ ਨੂੰ ਸਹੀ ਤੇ ਪੂਰਣ ਸੁਹਜ ਸੁਆਦ ਤੇ ਅਨੰਦ ਦੀ ਪ੍ਰਾਪਤੀ ਕਰਵਾਉਣ ਲਈ ਮੈਦਾਨ ਵਿਚ ਆਉਂਦੀ ਹੈ । ਉਹ ਰਚਨਾ ਦੇ ਕਲਾਤਮਕ ਭਾਵਾਂ ਅਤੇ ਵਿਚਾਰਾਂ ਦੀ ਪਰਪੱਕਤਾ ਦਾ ਉਲੇਖ ਕਰ ਕੇ ਪਾਠਕਾਂ ਦੀ ਸਮਝਣ-ਸੱਤਾ ਲਈ ਪਰਉਪਕਾਰ ਕਰ ਜਾਂਦਾ ਹੈ। ਆਲੋਚਕ ਦੀ ਸਹਾਇਤਾ ਨਾਲ ਪਾਠਕ ਵੀ ਸਾਹਿਤਕ ਕਿਰਤ ਦਾ ਅਨੰਦ ਮਾਣ ਸਕਦਾ ਹੈ ਤੇ ਭਲੀ ਪ੍ਰਕਾਰ ਆਪਣੀ ਦ੍ਰਿਸ਼ਟੀ ਅਨੁਸਾਰ ਉਸ ਦਾ ਮੁਲਿਆਂਕਣ ਕਰ ਸਕਦਾ ਹੈ। ਲੇਖਕ ਤੇ ਜਨਤਾ ਨੂੰ ਮਿਲਾਉਣ ਵਾਲਾ ਵਿਚੋਲਾ ਆਲੋਚਕ ਹੀ ਤਾਂ ਹੈ । ਵਿਚੋਲੇ ਦੀ ਸਹਾਇਤਾ ਨਾਲ ਦੋਹਾਂ ਦੇ ਸੁਮੇਲ-ਤਤ ਉਪਜਦੇ ਤੇ ਵਿਗਸਦੇ ਹਨ । ਵੇਖਣ ਵਾਲੀ ਗੱਲ ਇਹ ਹੈ ਕਿ ਆਲੋਚਕ ਕੌਣ ਬਣ ਸਕਦਾ ਹੈ, ਆਲੋਚਨਾ ਕਿਸ ਤਰ੍ਹਾਂ ਕਰਨੀ ਚਾਹੀਦੀ ? ਆਲੋਚਨਾ ਕਰਨ ਲਗਿਆਂ ਕਿਹੜੀਆਂ ਸਿਧਾਂਤਕ ਸਚਾਈਆਂ ਨੂੰ ਮੁਖ ਰਖਣਾ ਚਾਹੀਦਾ ਹੈ, ਉਨ੍ਹਾਂ ਗੁਣਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਤਿੰਨ ਪ੍ਰਕਾਰ ਦਾ ਹੋ ਸਕਦਾ ਹੈ :

(ੳ) ਪਾਠਕ ਦੇ ਦ੍ਰਿਸ਼ਟੀਕੋਣ ਤੋਂ ਸਮਾਲੋਚਨਾ
(ਅ) ਲੇਖਕ ਦੇ ਦ੍ਰਿਸ਼ਟੀਕੋਣ ਤੋਂ ਸਮਾਲੋਚਨਾ,
(ੲ) ਆਲੋਚਕ ਦੀ ਆਪਣੀ ਰਾਇ ।

ਇਥੇ ਇਹ ਕਹਿ ਦੇਣਾ ਅਨੁਚਿਤ ਨਹੀਂ ਹੋਵੇਗਾ ਕਿ ਜਿਹੜੇ ਗੁਣ ਜਾਂ ਵਿਸ਼ੇਸ਼ਤਾਵਾਂ ਇਕ ਲੇਖਕ ਵਿਚ ਹੋਣ ਉਹੀ ਗੁਣ ਅਤੇ ਵਿਸ਼ੇਸ਼ਤਾਵਾਂ ਇਕ ਪ੍ਰਕਾਰ ਤੋਂ ਇਕ ਸਫਲ ਆਲੋਚਨਾ ਲਈ ਜ਼ਰੂਰੀ ਬਣ ਜਾਂਦੀਆਂ ਹਨ। ਲੇਖਕ ਦੇ ਦ੍ਰਿਸ਼ਟੀਕੋਣ ਤੋਂ ਇਕ ਸਫਲ ਆਲੋਚਨਾ ਵਿਚ ਜਾਂ ਆਲੋਚਕ ਵਿਚ ਇਹ ਗੁਣ ਅਵੱਸ਼ ਹੋਣੇ ਚਾਹੀਦੇ ਹਨ : ਵਿਦਵਤਾ, ਸੁਹਿਰਦਤਾ ਅਤੇ ਨਿਰਪੱਖਤਾ । ਪਾਠਕ ਦੇ ਦ੍ਰਿਸ਼ਟੀਕੋਣ ਤੋਂ ਜਿਹੜੇ ਗੁਣ ਜਾਂ ਵਿਸ਼ੇਸ਼ਤਾਵਾਂ ਇਕ ਸਫਲ ਆਲੋਚਕ ਜਾਂ ਆਲੋਚਨਾ ਵਿਚ ਮਿਲਣੀਆ ਚਾਹੀਦੀਆਂ ਹਨ, ਉਹ ਸਪੱਸ਼ਟਤਾ, ਸਰਲਤਾ ਅਤੇ ਦੁਧ ਤੇ ਪਾਣੀ ਨੂੰ ਨਿਖੇੜਨ ਜਿਹੀ ਸ਼ਕਤੀ ਜਾਂ ਗਿਆਨ (ਨੀਰ ਕ੍ਸ਼ੀਰ ਵਿਵੇਕ)।

ਇਕ ਸਫਲ ਆਲੋਚਕ ਦਾ ਧਿਆਨ ਵਿਸ਼ਾਲ, ਵਿਸ਼ੇਸ਼ ਕਰਕੇ ਉਸੇ ਵਿਸ਼ਯ ਸੰਬੰਧੀ ਜਿਸ ਉਤੇ ਕਿ ਉਸ ਦੀ ਆਲੋਚਨਾਤਮਕ ਰੁਚੀ ਹੋਵੇ, ਹੋਣਾ ਚਾਹੀਦਾ ਹੈ। ਆਲੋਚਕ ਦਾ ਸੁਭਾ ਸੁਸ਼ੀਲ ਸ਼ਾਂਤੀ-ਮਈ, ਬੁਧੀ ਤੀਖਣ, ਸੱਚ ਤੇ ਕੱਚ ਦੀ ਪਛਾਣ ਕਰਨ ਦੀ ਚੇਤੰਨਤਾਮਈ ਅਵਸਥਾ, ਜੀਵਨ ਦੇ ਹਰ ਪੱਖ ਬਾਰੇ ਆਮ ਡੂੰਘਾ ਅਧਿਐਨ, ਸਿਧਾਂਤਕ ਅਧਿਐਨ ਦਾ ਮਾਹਿਰ, ਕੋਮਲ ਤੋਂ ਕੋਮਲ ਭੇਦਾਂ ਜਾਂ ਸੂਖਮ ਤੋਂ ਸੂਖਮ ਵਿਚਾਰਾਂ ਨੂੰ ਵਾਚਣ ਦੀ ਤੀਖਣ ਬੁਧੀ ਹੋਣੀ ਚਾਹੀਦੀ ਹੈ। ਜਿਸ ਸੋਚ-ਪੱਧਰ ਜਾਂ ਜਿਸ ਦ੍ਰਿਸ਼ਟੀਕੋਣ ਨੂੰ ਸਾਹਮਣੇ ਰਖ ਕੇ ਲੇਖਕ ਨੇ ਕਿਸੇ ਕਿਰਤ ਦੀ ਸਿਰਜਨਾ ਕੀਤੀ ਹੋਵੇ, ਉਸੇ ਸੋਚ-ਪੱਧਰ ਤੇ ਅਤੇ ਉਸੇ ਅਵਸਥਾ ਵਿਚ ਬਹਿ ਕੇ ਆਲੋਚਕ ਨੂੰ ਉਸ ਕ੍ਰਿਤ ਦਾ ਮੁਲ ਪਾਉਣਾ ਚਾਹੀਦਾ ਹੈ। ਇਹ ਸੱਚ ਹੈ ਕਿ It is easy to criticise another than to appreciate him. ਇਹ ਆਮ ਵੇਖਿਆ ਗਇਆ ਹੈ ਕਿ ਪੰਜਾਬੀ ਸਾਹਿਤ ਦੇ ਆਲੋਚਕ ਕੇਵਲ ਦੋਸ਼ ਲੱਭਣ ਵਿਚ ਹੀ ਤਾਕ ਹਨ। ਅਜਿਹੀ ਪੱਖਪਾਤੀ ਆਲੋਚਨਾ ਜਿਥੇ ਲੇਖਕ ਦੇ ਮਨ ਨੂੰ ਉਦਵਿਗਨ ਕਰਦੀ ਹੈ, ਉਥੇ ਸਾਹਿਤ ਦੀ ਪੁੰਗਰਦੀ ਵੇਲ ਤੇ ਕੁਹਾੜੀ ਵਾਲਾ ਕੰਮ ਵੀ ਕਰਦੀ ਹੈ। ਭਾਵ ਸਾਹਿਤ ਸਿਰਜਨਾ ਵੀ ਸ਼ਿਥਿਲ ਹੋਣੀ ਆਰੰਭ ਹੋ ਜਾਂਦੀ ਹੈ, ਉਥੇ ਆਲੋਚਕਾਂ ਦੀ ਅੱਖ ਤੇ ਪੱਖਪਾਤੀ ਐਨਕ ਚੜ੍ਹ ਗਈ ਜਾਪਣ ਲਗ ਪੈਂਦੀ ਹੈ। ਆਲੋਚਨਾ ਸਭ ਤੋਂ ਕਠਿਨ ਕਲਾ ਹੈ। ਜਣਾ ਖਣਾ ਆਲੋਚਕ ਨਹੀਂ ਬਣ ਸਕਦਾ, ਜਿਵੇਂ ਹਰ ਪਥਰ ਸੋਨ-ਕਸਵੱਟੀ ਨਹੀਂ ਬਣ ਸਕਦਾ। ਸਮਾਲੋਚਕ ਦਾ ਗਿਆਨ ਤੇ ਬੌਧਿਕ ਖੇਤਰ ਲੇਖਕ ਤੋਂ ਕਿਤੇ ਵਧ ਉੱਨਤ ਹੋਣਾ ਚਾਹੀਦਾ ਹੈ। ਜਿਹੜਾ ਸਮਾਲੋਚਕ ਜਨ-ਜੀਵਨ ਸਾਹਿਤ ਦੀਆਂ ਸ਼ਾਸਤਰੀਯ ਮਾਨਿਅਤਾਵਾਂ, ਸੰਸਾਰ ਦੀਆਂ ਸਰੇਸ਼ਟਤਮ ਸਾਹਿਤਕ ਰਚਨਾਵਾਂ ਅਤੇ ਮਨੁਖੀ ਸੁਭਾ ਅਤੇ ਮਾਨਵ ਜੀਵਨ ਦੀਆਂ ਜਟਿਲਤਾਵਾਂ ਤੋਂ ਪਰਿਚਿਤ ਨਹੀਂ, ਉਹ ਕਿਸੇ ਰਚਨਾ ਦੇ ਮਰਮ ਨੂੰ ਕਿਸ ਤਰ੍ਹਾਂ ਜਾਣ ਸਕਦਾ ਜਾਂ ਪਛਾਣ ਸਕਦਾ ਹੈ ਅਤੇ ਕਿਸ ਤਰ੍ਹਾਂ ਪ੍ਰਭਾਵਸ਼ਾਲੀ ਢੰਗ ਨਾਲ ਉਸ ਨੂੰ ਵਿਅਕਤ ਕਰ ਸਕਦਾ ਹੈ? ਪਰਿਣਾਮ ਵਜੋਂ ਐਸੇ ਆਲੋਚਕਾਂ ਦੀ ਆਲੋਚਨਾ ਪੱਖਪਾਤੀ, ਹਲਕੀ, ਸ਼ਿਥਿਲ ਤੇ ਇਕ ਅੰਗੀ ਹੁੰਦੀ ਹੈ।

ਸਮਾਲੋਚਕ ਵਿਚ ਦੂਜਾ ਗੁਣ ਸੁਹਿਰਦਤਾ ਦਾ ਹੈ। ਆਲੋਚਕ ਨੂੰ ਅਤਿ ਸਹਾਨਭੂਤੀ ਸਹਿਤ ਕਿਸੇ ਲੇਖਕ ਦੇ ਦ੍ਰਿਸ਼ਟੀਕੋਣ ਨੂੰ ਸਮਝਣ ਦੀ ਰੁਚੀ ਰਖਣੀ ਚਾਹੀਦੀ ਹੈ। ਆਲੋਚਕ ਇਹਨੂੰ ਕਦੇ ਨਹੀਂ ਭੁਲਣਾ ਚਾਹੀਦਾ ਕਿ ਹਰ ਲੇਖਕ ਦਾ ਦ੍ਰਿਸ਼ਟੀਕੋਣ ਦੂਜੇ ਨਾਲੋਂ ਵਖਰਾ ਹੋ ਸਕਦਾ ਹੈ। ਸਹੀ ਅਰਥਾਂ ਵਿਚ ਸੰਸਾਰ ਮਤ-ਭੇਦਤਾ ਤੇ ਹੀ ਆਧਾਰਿਤ ਹੈ। Every man is fhe thief of his own art. ਇਸ ਲਈ ਹਰ ਸਾਹਿਤਕਾਰ ਦੀ ਸ਼ੈਲੀ,

ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਕਿਸੇ ਚੀਜ਼ ਨੂੰ ਤਕਣ, ਪਰਖਣ ਤੇ ਘੋਖਣ ਦਾ ਤਰੀਕਾ ਵਖਰਾ ਹੁੰਦਾ ਹੈ। ਸੋ ਆਲੋਚਕ ਨੂੰ ਸੁਹਿਰਦਤਾ-ਸਹਿਤ ਹਰ ਸਾਹਿਤਾਂਗ ਤੇ ਵਿਚਾਰ ਕਰਨੀ ਉਚਿਤ ਹੋਵੇਗੀ। ਆਲੋਚਕ ਦਾ ਕੰਮ ਮਾਰਮਿਕ ਭੇਦਾਂ ਨੂੰ ਉਜਾਗਰ ਕਰਨ ਦਾ ਹੈ, ਨਾ ਕਿ ਉਸ ਨੂੰ ਹੋਰ ਪੇਚੀਦਾ ਬਣਾਉਣਾ। ਇਹ ਇਕ ਵਿਚੋਲਾ ਹੈ। ਵਿਚੋਲਾ ਦੋਹਾਂ ਪਾਸਿਆਂ ਨੂੰ ਆਪਣੀ ਬੌਧਿਕਤਾ ਸਦਕੇ ਕਿਸੇ ਆਸ਼ੇ ਦੀ ਪੂਰਤੀ ਲਈ ਉਨ੍ਹਾਂ ਨੂੰ ਸਮਝਦਾ, ਸਮਝਾਂਦਾ, ਮਨਾਂਦਾ ਅਤੇ ਨਿਰੀਖਣ ਕਰਦਾ ਹੈ। ਆਲੋਚਕ ਨੂੰ ਉਹ ਗੁਝੇ ਭੇਦ ਸਾਕਾਰ ਕਰਨੇ ਚਾਹੀਦੇ ਹਨ ਜਿਸ ਨੂੰ ਲੇਖਕ ਸਪਸ਼ਟ ਨਹੀਂ ਕਰ ਸਕਿਆ ਅਤੇ ਜਿਹੜੇ ਜਨ-ਸਾਧਾਰਣ ਸਮਝਾਉਣੀ ਵਿਚ ਸਹਾਇਕ ਸਾਬਤ ਹੋਣ। ਜਿਥੇ ਆਲੋਚਕ ਵਿਸ਼ਯ ਦੇ ਪ੍ਰਗਟਾਉ ਨਾਲ ਅਸਹਮਤ ਵੀ ਹੋਵੇ, ਉਥੇ ਵੀ ਉਸ ਨੂੰ ਲੇਖਕ ਦੇ ਦ੍ਰਿਸ਼ਟੀਕੋਣ ਨੂੰ ਅਤਿਅੰਤ ਉਦਾਰਤਾ ਪੂਰਬਕ ਸਮਝਣ-ਸਮਝਾਉਣ ਦੀ ਚੇਸ਼ਟਾ ਕਰਨੀ ਚਾਹੀਦੀ ਹੈ। ਜੇ ਕਰ ਕਿਧਰੇ ਉਸ ਨੂੰ ਲੇਖਕ ਦੀ ਲਿਖਤ ਵਿਚ ਅਪੂਰਣਤਾ ਦਿਸ ਆਵੇ ਤਾਂ ਵੀ ਉਸ ਨੂੰ ਆਪਣੀ ਵਿਵੇਚਨ-ਸੰਯਮ ਸਹਿਤ ਅਤੇ ਵਿਗਿਆਨਕ ਢੰਗ ਨਾਲ ਪੇਸ਼ ਕਰਨਾ ਚਾਹੀਦਾ ਹੈ। ਜਿਸ ਨਾਲ ਪਾਠਕ ਅਤੇ ਲੇਖਕ ਦੀ ਸਾਂਝ ਵਧ ਜਾਵੇ। ਅਜਿਹਾ ਆਲੋਚਕ ਸੁਹਿਰਦਤਾ ਸਹਿਤ ਜਨਤਾ ਤੇ ਲੇਖਕਾਂ ਦੇ ਵਿਚਾਰ-ਵਟਾਂਦਰੇ ਨੂੰ ਦ੍ਰਿਸ਼ਮਾਨਦਾ ਹੈ।

ਨਿਰਪੱਖ ਹੋਣਾ ਹਰ ਆਲੋਚਕ ਦਾ ਪਹਿਲਾ ਕਰਮ ਹੋਣਾ ਚਾਹੀਦਾ ਹੈ। ਨਿਰਪੱਖਤਾ ਤੋਂ ਭਾਵ ਵਿਅਕਤੀਗਤ ਅਵਿਰੋਧ ਹੈ। ਅਸਲ ਤੇ ਸਹੀ ਅਰਥਾਂ ਵਿਚ ਨਿਰਪੱਖ ਸਮਾਲੋਚਕ ਤਾਂ ਇਕ ਤੋਲਾ ਹੈ, ਇਕ ਤਕੜੀ ਤੋਲਣ ਵਾਲਾ। ਨਿਆਇ ਤੇ ਜੁਗਤੀ ਦੀ ਤਕੜੀ ਨਾਲ ਉਸ ਨੇ ਕਿਸੇ ਸਾਹਿਤਕ ਕਿਰਤ ਨੂੰ ਤੋਲਣਾ ਹੈ ਨਾ ਕਿ ਗਾਹਕ (ਪਾਠਕ) ਤੇ ਨਾ ਆੜ੍ਹਤੀਏ (ਸਾਹਿਤਕਾਰ) ਦਾ ਉਹ ਪੱਖੀ ਹੈ। ਜੇ ਉਹ ਠੂੰਗਾ ਮਾਰਦਾ ਹੈ, ਗਾਹਕ ਜਾਂ ਆੜ੍ਹਤੀ ਦਾ ਪੱਖ ਪੂਰਦਾ ਹੈ ਤਾਂ ਉਹ ਨੇਕ-ਨੀਤ ਵਾਲਾ ਸਮਾਲੋਚਕ ਨਹੀਂ। ਸਮਾਲੋਚਕ ਨੇ ਤਾਂ ਕੌਡੀਆਂ ਤੇ ਹੀਰਿਆਂ ਦੇ ਢੇਰ ਵਿਚੋਂ ਕੌਡੀਆਂ ਤੇ ਹੀਰੇ ਪਰਖਣੇ ਨੇ। ਉਸ ਨੇ ਭਿੰਨ ਭਿੰਨ ਪਰਕਾਰ ਦੇ ਫਲਾਂ ਦਾ ਸੁਆਦ ਚਖ ਕੇ ਪਾਠਕਾਂ ਨੂੰ ਸੁਚੇਤਤਾ ਸਹਿਤ ਉਸ ਦੇ ਸੁਆਦ ਸਬੰਧੀ ਤਮੀਜ਼ ਕਰਵਾਉਣੀ ਹੈ।

ਮੋਲਟਨ ਨੇ ਸ਼ੇਕਸਪੀਅਰ ਦੇ ਨਾਟਕਾਂ ਦੀ ਆਲੋਚਨਾ ਕਰਦੇ ਹੋਏ ਮੈਕਾਲੇ ਦੇ ਆਲੋਚਨਾ ਸਿਧਾਂਤ ਨੂੰ ਇਉਂ ਪ੍ਰਗਟਾਇਆ ਹੈ : Macaulay...... Compares his office of reviewer to that of a king-at-arms versed in the laws of literany procedure marshalling others to the exact seets to which they are entitled. ਵਿਆਖਿਆਤਮਕ ਆਲੋਚਨਾ ਦੀ ਲੀਹ ਮੋਲਟਨ ਨੇ ਪਾਈ।

ਇਸ ਆਲੋਚਕ ਦੇ ਕਹਿਣ ਅਨੁਸਾਰ ਸਮਾਲੋਚਨਾ ਵਿਗਿਆਨਕ ਢੰਗ ਨਾਲ ਹੋਣੀ ਚਾਹੀਦੀ ਹੈ, ਉਨ੍ਹਾਂ ਤੋਂ ਪ੍ਰਾਪਤ ਹੋਏ ਸਿੱਟਿਆ ਬਾਰੇ ਚਰਚਾ ਕਰਨੀ ਚਾਹੀਦੀ ਹੈ। ਲਿਖਤ ਨੂੰ ਪੜ੍ਹ ਕੇ ਜਿਹੜੇ ਵੀ ਸੰਭਵ ਸਿੱਟੇ ਨਿਕਲਣ ਉਨ੍ਹਾਂ ਦਾ ਚਿਤਰ ਪੇਸ਼ ਕਰਨਾ ਚਾਹੀਦਾ ਹੈ। ਇਸ ਸਿਧਾਂਤ ਨੂੰ ਦੋਸ਼ ਰਹਿਤ ਨਹੀਂ ਕਹਿਆ ਜਾ ਸਕਦਾ ਕਿਉਂਕਿ ਇਸ ਵਿਚ ਆਲੋਚਕ ਮੂਲ ਲੇਖਕ ਦੇ ਨਾਲ ਸਹਾਨਭੂਤੀ ਰਖਦੇ ਹੋਏ ਉਸ ਦੀ ਰਚਨਾ ਦੀ ਵਿਆਖਿਆ ਕਰਦਾ ਹੈ ਅਤੇ ਉਸ ਦੇ ਆਦਰਸ਼ਾਂ ਅਤੇ ਉਦੇਸ਼ਾਂ ਦਾ ਵਿਸ਼ਲੇਸ਼ਣ ਕਰਦਾ ਹੈ। ਕਈ ਸਮਾਲੋਚਕ ਇਸੇ ਸਿਧਾਂਤ ਨੂੰ ਹੀ ਪ੍ਰਮਾਣਿਕ ਮੰਨ ਕੇ ਵਰਤੀ ਜਾਂਦੇ ਹਨ, ਇਸ ਵਿਚ ਸਚਾਈ ਦੇ ਕਿਣਕੇ ਤਾ ਇਸ ਵਿਚ ਮਿਲ ਸਕਦੇ ਹਨ ਪਰ ਸਚਾਈ ਸਿਧਾਂਤ ਦੇ ਹੀਰੇ ਨਹੀਂ।

"ਸਮਾਲੋਚਨਾ ਜਿਵੇਂ ਕਿ ਅਰਸਤੂ ਨੇ ਆਰੰਭ ਕੀਤੀ ਸੀ, ਕੇਵਲ ਚੰਗੀ ਤਰ੍ਹਾਂ ਨਿਰਣਯ ਤੇ ਨਿਆਇ ਕਰਨ ਦਾ ਇਕ ਪੱਧਰ ਸੀ" ਡਾਕਟਰ ਜਾਨਸਨ ਦਾ ਇਹ ਵਿਚਾਰ ਵੀ ਕੁਝ ਸਚਾਈ ਦਾ ਪਾਤਰ ਜਾਪਦਾ ਹੈ। ਇਸੇ ਤਰ੍ਹਾਂ 'ਪੋਪ' ਨਿਰਣਜਨਕ ਟੁਕ ਸਹਿਤ ਆਪਣੇ ਵਿਚਾਰ-ਪ੍ਰਵਾਹ ਨੂੰ ਦਰਸਾਉਂਦਾ ਹੈ— "ਆਪਣੇ ਵਿਰੋਧੀਆਂ ਨੂੰ ਆਪਣੀਆਂ ਰਚਨਾਵਾਂ ਪੜ੍ਹਨ ਲਈ ਕਹੋ ਤਾਂ ਜੋ ਉਹ ਸੋਧੀਆਂ ਜਾ ਸਕਣ, ਕਿਉਂਕਿ ਤੁਹਾਡਾ ਮਿਤਰ ਤੁਹਾਡੇ ਵਰਗਾ ਹੀ ਨਿਰਣਯ ਕਰੇਗਾ, ਆਲੋਚਨਾ ਨਹੀਂ ਕਰ ਸਕੇਗਾ।" ਉਂਞ ਇਹ ਆਮ ਭਾਂਪਿਆ ਗਇਆ ਹੈ ਕਿ ਇਕ ਮਿਤਰ ਦੂਜੇ ਮਿਤਰ ਦੀ ਸਾਹਿਤਕ ਕ੍ਰਿਤ ਦਾ ਮੁਲਿਆਂਕਣ ਕਰਦਾ ਹੈ, ਤਦੇ ਪ੍ਰਗਤਿਵਾਦੀ ਸਾਹਿਤ ਦੀ ਉਤਪਤੀ ਘਟਣ ਵਿਚ ਵਾਧਾ ਹੋਇਆ ਹੈ, ਜੇ ਕਰ 'ਤੀਰ' ਨੇ 'ਸਾਹਿਬ' ਦੀ ਹਿਊਮਰ (Humour) ਤੇ ਨਿਬੰਧ ਲਿਖ ਕੇ ਜੱਸ਼ ਖਟ ਲਇਆ ਤਾਂ 'ਸਾਹਿਬ' ਨੇ 'ਤੀਰ' ਦੀ ਕਾਵਿ-ਕਲਾ ਦੀ ਮਹਾਤਨਤਾ ਦਰਸਾ ਕੇ। ਇਸੇ ਤਰ੍ਹਾਂ ਕਈ ਮਿਸਾਲਾਂ: ਮਨ ਤੁਰਾ ਮੁਲਾਂ ਬਗੋਇਮ ਤੂ ਮਰਾ ਹਾਜੀ ਬਗੋਮ, ਨਿਤ ਹੀ ਸਾਡੇ ਜੀਵਨ ਵਿਚ ਘਟਦੀਆਂ ਰਹਿੰਦੀਆਂ ਹਨ। ਇਸ ਪੱਖਪਾਤ ਸਦਕੇ ਅਰੋਗ ਆਲੋਚਨਾ ਦੀ ਸੰਭਾਵਨਾ ਘਟਦੀ ਜਾ ਰਹੀ ਹੈ। ਇਸ ਨਾਲ ਜਿਥੇ ਆਲੋਚਨਾ ਦੇ ਸਰੂਪ ਤੇ ਹਮਲਾ ਹੋਵੇਗਾ, ਉਥੇ ਕ੍ਰਿਤਾਂ ਦੇ ਮੁੱਲ ਪੈਣ ਵਿਚ ਵੀ ਹੇਰਾ ਫੇਰੀ ਜ਼ਰੂਰੀ ਹੁੰਦੀ ਰਹੇਗੀ। "ਨਾ ਕਾਹੂ ਤੋ ਦੋਸਤੀ, ਨਾ ਕਹੂ ਸੇ ਵੈਰ" ਨਾਮੀ ਸਿਧਾਂਤ ਜੇਕਰ ਆਲੋਚਕ ਅਪਨਾ ਲੈਣ ਤਾਂ ਸ਼ਾਇਦ ਆਲੋਚਨਾ-ਪਿੰਡੇ ਨਾਲ ਨਿਆਂ ਹੋ ਸਕਦਾ ਹੈ। 'ਨਿਰਣਾ ਤੇ ਨਿਆਇ' ਆਲੋਚਕਾਂ ਦੇ ਮੂਲ ਪ੍ਰਕਾਸ਼-ਮਈ ਪੰਧ ਹਨ, ਜਿਨ੍ਹਾਂ ਦੇ ਚਾਨਣ-ਪ੍ਰਛਾਵੇਂ ਹੇਠ ਸਾਹਿਤ ਉਸਰੱਈਆਂ ਨੂੰ ਅਗਵਾਈ ਦਾ ਵਰ ਮਿਲ ਸਕਦਾ ਹੈ।

"ਨੇਸ਼ਨ" ਦੇ ਕਥਨ ਅਨੁਸਾਰ "ਕਿਸੇ ਜੁਗ ਦਾ ਸਾਹਿਤ ਉਸ ਦੇ ਪ੍ਰਚਲਿਤ ਝੁਕਾਵਾਂ ਦਾ ਦਰਪਣ ਹੁੰਦਾ ਹੈ" ਸਮਾਲੋਚਨਾ ਦੇ ਖੇਤਰ ਵਿਚ ਕਾਫੀ ਸਹਾਇਕ

ਸਿਧ ਹੁੰਦਾ ਹੈ। ਆਲੋਚਨਾ ਦੇ ਸਿਧਾਂਤ ਕੋਈ ਪਥਰ ਤੇ ਲਕੀਰ ਨਹੀਂ ਹੁੰਦੇ, ਪਰਿਵਰਤਨਸ਼ੀਲ ਹੁੰਦੇ ਹਨ ਕਿਉਂਕਿ Change is the law of nature ਇਸ ਲਈ ਕਿਸੇ ਵੀ ਸਮੇਂ ਦੀ ਰਚਨਾ ਉਸੇ ਸਮੇਂ ਦੇ ਵਾਯੂ-ਮੰਡਲ, ਵਿਧਿਵਿਧਾਨ, ਸਥਾਨਕ ਰੰਗ ਤੇ ਲੀਹਾਂ ਅਨੁਕੂਲ ਹੋਵੇਗੀ। ਪਰਖ ਸਮੇਂ ਦੇ ਸਿਧਾਂਤਾਂ ਅਨੁਕੂਲ ਹੋਣੀ ਚਾਹੀਦੀ ਹੈ। ਉਦਾਹਰਣਾਰਥ ਚੌਸਰ ਜਾਂ ਸ਼ੇਕਸਪੀਅਰ ਦੀ ਕਵਿਤਾ ਆਧੁਨਿਕ ਕਵੀਆਂ ਤੋਂ ਬਿਲਕੁਲ ਵਿਲੱਖਣਤਾ ਰਖਦੀ ਹੈ। ਵਿਸ਼ਯ ਦੇ ਪੱਖ ਤੋਂ, ਕਲਾ ਦੇ ਪੱਖ ਤੋਂ, ਦ੍ਰਿਸ਼ਟੀਕੋਣ ਦੇ ਪੱਖ ਤੋਂ ਅਤੇ ਸਮੱਸਿਆ ਦੇ ਪੱਖ ਤੋਂ ਉਨ੍ਹਾ ਦੀਆਂ ਕ੍ਰਿਤਾਂ ਤੇ ਅਜੋਕੀਆਂ ਕ੍ਰਿਤਾ ਵਿਚ ਤਾਰੇ ਤੇ ਸੂਰਜ ਜਿੰਨਾ ਭੇਦ ਹੈ। ਇਸ ਦਾ ਇਹ ਭਾਵ ਨਹੀਂ ਕਿ ਪੁਰਾਣੀਆਂ ਕ੍ਰਿਤਾਂ ਦੋਸ਼-ਭਰਪੂਰ ਹਨ ਜਾਂ ਦੋਸ਼-ਰਹਿਤ। ਇਸ ਦਾ ਭਾਵ ਇਹ ਹੈ ਕਿ ਉਨ੍ਹਾਂ ਸਾਹਿਤਕਾਰਾਂ ਨੇ ਆਪਣੇ ਸਮੇਂ ਦੀਆਂ ਕੀਮਤਾਂ ਨੂੰ ਪ੍ਰਕਾਸ਼ਿਆ ਹੈ ਤੇ ਆਧੁਨਿਕ ਸਮੇਂ ਵਿਚ ਆਧੁਨਿਕ ਕੀਮਤਾਂ ਨੂੰ ਰੁਸ਼ਨਾਇਆ ਜਾ ਰਹਿਆ ਹੈ। ਸਮੁੱਚੇ ਤੌਰ ਤੇ ਸਿਧਾਂਤ ਆਲੋਚਨਾ ਸਮੇਂ ਦੇ ਗੇੜ ਅਨੁਸਾਰ ਪਰਿਵਰਤਿਤ ਹੁੰਦੇ ਰਹਿੰਦੇ ਹਨ ਤੇ ਹੋਣੇ ਚਾਹੀਦੇ ਵੀ ਹਨ। Beauty is truth, truth is beauty ਸੁੰਦਰਤਾ ਸਚਾਈ ਹੈ ਅਤੇ ਸਚਾਈ ਸੁੰਦਰਤਾ। ਸੁੰਦਰਤਾ ਅਤੇ ਸਚਾਈ ਦਾ ਮਾਣ ਆਲੋਚਨਾ ਖੇਤਰ ਵਿਚ ਤਾਂ ਹੀ ਵਧ ਸਕਦਾ ਹੈ, ਜੇਕਰ ਆਲੋਚਕ ਆਲੋਚਨਾ ਸਮੇਂ ਇਨ੍ਹਾਂ ਚੀਜ਼ਾਂ ਨੂੰ ਦ੍ਰਿਸ਼ਟੀ-ਗੋਚਰ ਕਰਨ। ਆਲੋਚਨਾ ਵਿਚ ਸਚਾਈ ਤੇ ਨਿਆਇ ਦੀ ਅਥਾਹ ਲੋੜ ਹੁੰਦੀ ਹੈ। 'ਅਰਸਤੂ' ਦੀ 'ਪੋਇਟਿਕਸ' ਸਮਾਲੋਚਨਾ ਦੇ ਸਿਧਾਂਤਾਂ ਦਾ ਕੋਸ਼ ਹੈ। ਜਿਸ ਵਿਚ ਦਰਸਾਏ ਗਏ ਸਿਧਾਂਤ ਪੱਛਮੀ ਸਾਹਿਤ ਆਲੋਚਨਾ ਦੇ ਆਧਾਰ ਹਨ। ਸਿਧਾਂਤਾਂ ਵਿਚ ਸਮੇਂ ਦੇ ਗੇੜ ਨਾਲ ਪਰਿਵਰਤਨ ਆਉਂਦਾ ਰਹਿੰਦਾ ਹੈ। ਇਸੇ ਤਰ੍ਹਾਂ ਅਧੁਨਿਕ ਆਲੋਚਨਾ ਸਿਧਾਂਤ ਪਹਿਲੇ ਸਿਧਾਂਤਾਂ ਦੀ ਨਿਸਬਤ ਚੋਖੇ ਬਦਲ ਚੁਕੇ ਹਨ।

ਪ੍ਰਧਾਨ ਤੌਰ ਤੇ ਸਮਾਲੋਚਨਾ-ਸਾਹਿਤ ਨੂੰ ਦੋ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ, ਪਹਿਲੀ ਕਿਸਮ ਦਾ ਆਲੋਚਨਾ-ਸਾਹਿਤ ਉਹ ਹੈ, ਜਿਸ ਵਿਚ ਸਮਾਲੋਚਨਾਤਮਕ ਸਿਧਾਂਤ ਪ੍ਰਗਟਾਏ ਗਏ ਹੋਣ, ਭਾਵ ਤਕਨੀਕੀ ਤੌਰ ਤੇ ਸਮਾਲੋਚਕ ਨੇ ਕਿਹੜੀਆਂ ਕਿਹੜੀਆਂ ਗੱਲਾਂ ਵਲ ਧਿਆਨ ਰਖਿਆ ਹੈ। ਦੂਜੀ ਪ੍ਰਕਾਰ ਦਾ ਆਲੋਚਨਾ ਸਾਹਿਤ ਸਾਹਿਤਕ ਕ੍ਰਿਤਾਂ ਦੇ ਮੂਲਿਆਂਕਨ ਉਪਰ ਪਏ ਪ੍ਰਭਾਵ ਰੂਪੀ ਫਲ ਤੋਂ ਉਪਜਦੀ ਹੈ। ਅਜਿਹੀ ਪੜਚੋਲ ਦੋ ਪੱਖੀ ਹੁੰਦੀ ਹੈ— ਵਿਸ਼ਯ ਦੇ ਪੱਖ ਤੋਂ ਅਤੇ ਰੂਪ ਦੇ ਪੱਖ ਤੋਂ। ਵਿਸ਼ਯ ਦੇ ਪੱਖ ਤੋਂ ਭਾਵ ਹੈ ਕਿ ਸਾਹਿਤਕਾਰ ਨੇ ਸਾਡੀ ਕਿਸ ਸਾਮਾਜਿਕ ਕੀਮਤ ਨੂੰ ਆਪਣੇ ਵਿਸ਼ਯ ਵਸਤੂ ਦੀ ਖੁਰਾਕ ਬਣਾਇਆ ਹੈ ਅਤੇ ਰੂਪ ਦੇ ਪੱਖ ਤੋਂ ਭਾਵ ਇਹ ਕਿ ਸਾਹਿਤਕਾਰ ਨੇ ਆਪਣੀ ਸਾਹਿਤਕ ਰਚਨਾ ਲਈ ਰੂਪ ਜਾਂ ਭਾਂਡਾ ਕਿਹੋ ਜਹਿਆ ਵਰਤਿਆ ਹੈ—ਨਾਟਕੀ ਭਾਂਡਾ ਜਾਂ

ਉਪਨਿਆਸਾਤਮਕ ਭਾਂਡਾ ਜਾਂ ਕਹਾਣੀ ਆਦਿ ਦਾ ਭਾਂਡਾ ਜਾਂ ਵਿਸ਼ਯ ਵਸਤੂ। ਕਿਸ ਕਲਾਕਾਰ ਨੇ ਆਪਣੇ ਵਿਸ਼ਯ ਲਈ ਚੰਗਾ ਰੂਪ ਚੁਣ ਕੇ ਕਿੰਨੀ ਕੁ ਕਲਾ-ਪ੍ਰਵੀਣਤਾ ਦਾ ਸਬੂਤ ਦਿਤਾ ਹੈ— ਇਹ ਪਰਖਣਾ ਸਮਾਲੋਚਕ ਦਾ ਕੰਮ ਹੈ।

ਆਧੁਨਿਕ ਵਿਦਵਾਨਾਂ ਦੀ ਰਾਇ ਅਨੁਸਾਰ ਵਿਸ਼ਯ ਦੇ ਪੱਖ ਤੋਂ ਆਲੋਚਨਾ ਦੀਆਂ ਪ੍ਰਚਲਿਤ ਛੇ ਪ੍ਰਕਾਰਾਂ ਦਰਸਾਈਆਂ ਗਈਆਂ ਹਨ :

੧) ਵਿਸ਼ਲੇਸ਼ਣਾਤਮਕ ਸਮਾਲੋਚਨਾ (Inductive Criticism)
੨) ਆਤਮ ਪ੍ਰਧਾਨ ਜਾਂ ਪ੍ਰਭਾਵਵਾਦੀ ਸਮਾਲੋਚਨਾ (Subjective Criticism)
੩) ਸਿਧਾਂਤਕ ਸਮਾਲੋਚਨਾ (Speculative Criticism)
੪) ਨਿਰਣਯਾਤਮਕ ਸਮਾਲੋਚਨਾ (Iudicial Criticism)
੫) ਤੁਲਨਾਤਮਕ ਸਮਾਲੋਚਨਾ (Comparative Criticism)
੬) ਮਨੋਵਿਗਿਆਨਕ ਸਮਾਲੋਚਨਾ (Psychological Criticism)

੧. ਵਿਸ਼ਲੇਸ਼ਣਾਤਮਕ ਸਮਾਲੋਚਨਾ (Inductive Criticism):— ਇਸ ਵਿਚ ਆਲੋਚਕ ਮੂਲ ਲੇਖਕ ਦੇ ਨਾਲ ਸੁਹਾਨਭੂਤੀ (sympthy) ਰਖਦਾ ਹੋਇਆ ਉਸ ਦੀ ਰਚਨਾ ਦੀ ਵਿਆਖਿਆ ਕਰਦਾ ਹੈ ਅਤੇ ਉਸ ਦੇ ਆਦਰਸ਼ਾ ਅਤੇ ਉਦੇਸ਼ਾਂ ਦਾ ਵਿਸ਼ਲੇਸ਼ਣ ਕਰਦਾ ਹੈ। ਅੱਜ ਕੱਲ੍ਹ ਇਸ ਇਸ ਪ੍ਰਕਾਰ ਦੀ ਆਲੋਚਨਾ ਨੂੰ ਵਿਸ਼ੇਸ਼ ਸਨਮਾਨ ਦਿਤਾ ਜਾਂਦਾ ਹੈ ਅਤੇ ਬਹੁਤ ਸਾਰੇ ਆਲੋਚਕ ਇਸ ਨੂੰ ਸਰਬਸਰੇਸ਼ਟ ਆਲੋਚਨਾ ਸਮਝਦੇ ਹਨ। ਇਸ ਨੂੰ ਅੰਤਰ-ਮੁਖੀ ਪੜਚੋਲ ਵੀ ਕਹਿਆ ਜਾਂਦਾ ਹੈ। ਇਹ ਇਕ ਬਹੁਤ ਪੁਰਾਣੀ ਵਿਧੀ ਹੈ, ਜਿਸ ਨੂੰ ਮੁਢਲੇ ਪੜਾਵਾਂ ਦੀ ਸਮਾਲੋਚਨਾ ਹੀ ਮੰਨਿਆ ਜਾ ਸਕਦਾ ਹੈ।

੨. ਸਿਧਾਂਤਕ ਆਲੋਚਨਾ (Speculative Criticism) :— ਇਸ ਪ੍ਰਕਾਰ ਦੀ ਸਮਾਲੋਚਨਾ ਵਿਚ ਆਲੋਚਨਾ ਸ਼ਾਸਤਰ ਦੇ ਸਿਧਾਂਤਾਂ ਦਾ ਨਿਰਮਾਣ ਕੀਤਾ ਜਾਂਦਾ ਹੈ ਅਤੇ ਕਵਿਤਾ, ਨਾਟਕ, ਉਪਨਿਆਸ ਆਦਿ ਸਾਹਿਤ ਦੇ ਭਿੰਨ ਭਿੰਨ ਅੰਗਾਂ ਦਾ ਤਾਤਵਿਕ ਵਿਸ਼ਲੇਸ਼ਣ ਕੀਤਾ ਜਾਂਦਾ ਹੈ ਕਿ ਆਲੋਚਨਾ ਸ਼ਾਸਤਰ ਵਿਚ ਕਿਨ੍ਹਾਂ ਸਿਧਾਂਤਾਂ ਦਾ ਅਨੁਸਰਣ ਕਰਨਾ ਚਾਹੀਦਾ ਹੈ, ਕਵੀ ਅਤੇ ਆਲੋਚਕ ਵਿਚ ਕਿਹੜੇ ਕਿਹੜੇ ਵਿਸ਼ੇਸ਼ ਗੁਣ ਪ੍ਰਵਿਰਤ ਰਹਿਣੇ ਚਾਹੀਦੇ ਹਨ। ਇਸ ਵਿਚ ਲੇਖਕ ਦੀ ਵਿਅਕਤਿਗਤ ਰੁਚੀ ਵਲ ਵਿਸ਼ੇਸ਼ ਧਿਆਨ ਕੀਤਾ ਜਾਂਦਾ ਹੈ। ਪੰਜਾਬੀ ਸਾਹਿਤ ਵਿਚ ਸ.ਸ. ਅਮੋਲ ਦੀ 'ਪੁਰਾਤਨ ਪੰਜਾਬੀ ਕਾਵਿ ਦਾ ਵਿਕਾਸ', ਪ੍ਰੋ: ਗੁਰਚਰਨ ਸਿੰਘ ਰਚਿਤ 'ਵਰਤਮਾਨ ਪੰਜਾਬੀ ਵਾਰਤਕ ਲਿਖਾਰੀ', ਪ੍ਰੋ: ਹਰਬੰਸ ਸਿੰਘ ਦੀ ਪੁਸਤਕ 'ਭਾਈ ਵੀਰ ਸਿੰਘ ਤੇ ਉਨ੍ਹਾਂ ਦੀ ਰਚਨਾ' ਅਤੇ 'ਸਾਹਿਤ ਦਰਪਣ'

ਆਦਿ ਪੁਸਤਕਾਂ ਏਸੇ ਪ੍ਰਕਾਰ ਦੇ ਆਲੋਚਨਾ ਦਾ ਨਮੂਨਾ ਹਨ । ਪਛਮੀ ਸਾਹਿਤ ਵਿਚ ਅਰਸਤੂ ਦੇ (poetics) ਵਿਚਲੇ ਕਾਵਿ-ਸਿਧਾਂਤਾਂ ਤੋਂ ਲੈ ਕੇ ਕਾਲਰਿਜ, ਐਡੀਸਨ, ਵਾਲਟਰ, ਪੇਟਰ, ਰਿਚਰਡ, ਇਲੀਅਟ ਅਤੇ ਸਕਾਟ ਜੇਮਜ਼ ਆਦਿ ਦੇ ਆਲੋਚਨਾਤਮਕ ਗ੍ਰੰਥ ਇਸੇ ਪ੍ਰਣਾਲੀ ਦੇ ਲਖਾਇਕ ਹਨ । ਭਰਤ ਮੁਨੀ, ਦੰਡੀ, ਰਾਜਸ਼ੇਖਰ, ਵਿਸ਼ਵ ਨਾਥ (ਸਾਹਿਤ ਦਰਪਣ) ਬਾਬੂ ਸ਼ਾਮ ਸੁੰਦਰ ਦਾਸ ਦਾ 'ਸਾਹਿਤਾਲੋਚਕ', ਰਾਮ ਦਹਿਨ ਦਾ 'ਕਾਵਿ ਦਰਪਨ', ਬਾਬੂ ਗੁਲਾਬ ਰਾਏ ਦੇ 'ਸਿਧਾਂਤ ਔਰ ਅਧਿਐਨ' ਅਤੇ 'ਕਾਵਿ ਕੇ ਰੂਪ', ਰਾਮ ਚੰਦਰ ਸ਼ੁਕਲ ਦੇ 'ਆਲੋਚਨਾ ਕੇ ਸਿਧਾਂਤ' ਅਤੇ 'ਹਿੰਦੀ ਸਾਹਿਤ ਕਾ ਇਤਿਹਾਸ' ਵਿਚ ਅਜਿਹੇ ਪ੍ਰਕਾਰ ਦੀ ਆਲੋਚਨਾ ਕੀਤੀ ਗਈ ਹੈ ।

੩. ਆਤਮ-ਪ੍ਰਧਾਨ ਜਾਂ ਪ੍ਰਭਾਵ-ਵਾਦੀ ਆਲੋਚਨਾ (Subjective Criticism):– ਇਸ ਪ੍ਰਕਾਰ ਦੀ ਆਲੋਚਨਾ ਸਮਾਲੋਚਕ ਦੇ ਮਾਨਸਿਕ ਹੁਲਾਸ ਨੂੰ ਪ੍ਰਕਾਸ਼ਦੀ ਹੈ । ਕਵੀ ਜਾਂ ਕਲਾਕਾਰ ਦੀ ਰਚਨਾ ਨੂੰ ਪੜ੍ਹ ਕੇ ਸਮਾਲੋਚਕ ਦੇ ਮਨ ਤੇ ਜਿਹੜਾ ਪ੍ਰਭਾਵ ਪੈਂਦਾ ਹੈ, ਉਹ ਉਸੇ ਨੂੰ ਹੀ ਦਰਸਾ ਦਿੰਦਾ ਹੈ । ਇਹ ਪੱਖਪਾਤੀ ਆਲੋਚਨਾ ਹੁੰਦੀ ਹੈ ਅਤੇ ਇਸ ਵਿਚ ਸਮਾਲੋਚਕ ਕਿਸੇ ਵਿਸ਼ੇਸ਼ ਆਲੋਚਨਾਤਮਕ ਕਸਵੱਟੀ ਨੂੰ ਨਹੀਂ ਅਪਨਾਉਂਦਾ । ਉਸ ਦਾ ਕੀਤਾ ਹੋਇਆ ਨਿਰਣਾ ਸਰਬਮਾਨੀ ਨਹੀਂ ਹੁੰਦਾ ਅਤੇ ਇਸੇ ਲਈ ਬਹੁਤ ਸਾਰੇ ਸਮਾਲੋਚਕ ਇਸ ਪ੍ਰਕਾਰ ਦੀ ਸਮਾਲੋਚਨਾ ਨੂੰ ਤੁੱਛ ਮੰਨਦੇ ਹਨ । ਭਾਈ ਵੀਰ ਸਿੰਘ ਦਾ ਲਿਖਿਆ ਹੋਇਆ 'ਸਰਦਾਰ ਹਰੀ ਸਿੰਘ ਨਲਵਾ' ਕਿਰਤ ਬਾਬਾ ਪਰੇਮ ਸਿੰਘ ਹੋਤੀ ਦਾ ਮੁਖ-ਬੰਧ ਵੀ ਇਸੇ ਸਿਧਾਂਤ ਪ੍ਰਣਾਲੀ ਵਿਚ ਰਖਿਆ ਜਾ ਸਕਦਾ ਹੈ । ਪ੍ਰਿੰ: ਤੇਜਾ ਸਿੰਘ ਦੇ ਲਿਖੇ ਹੋਏ ਆਮ ਮੁਖ-ਬੰਧੀ-ਆਲੋਚਨਾਤਮਕ-ਨਿਰਯ ਏਸੇ ਪ੍ਰਕਾਰ ਦੇ ਹਨ । ਹਿੰਦੀ ਸਾਹਿਤ ਵਿਚ 'ਬਿਹਾਰੀ' ਦੇ ਸਬੰਧ ਵਿਚ ਕੀਤੀ ਗਈ 'ਪਦਮ ਸਿੰਘ ਸ਼ਰਮਾ' ਦੀ ਆਲੋਚਨਾ ਵੀ ਇਸੇ ਪ੍ਰਣਾਲੀ ਵਿਚ ਆਉਂਦੀ ਹੈ । ਅਜਿਹੀ ਪਰਖ ਵਿਚ ਕਿਰਤ ਪਾਰਖੂ ਦੇ ਰਹਿਮ ਤੇ ਹੁੰਦੀ ਹੈ, ਜੇ ਉਹ ਚਾਹਵੇ ਤਾਂ ਕਿਸੇ ਸਾਹਿਤਕਾਰ ਦੀ ਰਚਨਾ ਨੂੰ ਨਿੰਦ ਦੇਵੇ, ਜੇ ਕਰ ਚਾਹਵੇ ਤਾਂ ਉਚਿਆ ਦੇਵੇ । ਇਸ ਧਾਰਾ ਦੇ ਆਲੋਚਕ ਸਾਹਿਤਕ ਵਿਵੇਕ (Literary conscience) ਵਿਚ ਵਿਸ਼ਵਾਸ ਰਖਦੇ ਹਨ । ਇਕ ਹੋਰ ਮਤ ਹੈ—Literany Criticism is nothing and should be nothing but the recital of one's personal adventures with a book. ਇਸ ਵਿਚਾਰ ਨੂੰ ਆਲੋਚਨਾ ਦਾ ਅਰੰਭਕ ਰੂਪ ਮੰਨਣਾ ਚਾਹੀਦਾ ਹੈ । ਇਸ ਵਿਚ ਬੁਧੀ ਤੱਤ ਦੀ ਅਵਹੇਲਨਾ ਹੁੰਦੀ ਹੈ ਅਤੇ ਭਾਵ ਤੱਤ ਦੀ ਬਹੁਲਤਾ । ਇਸ ਨੂੰ ਆਲੋਚਨਾ ਦੀ ਰੁਮਾਂਸਵਾਦੀ ਧਾਰਾ ਵੀ ਕਹਿਆ ਜਾਂਦਾ ਰਹਿਆ ਹੈ । ਐਂਡਰਿਊਲਿੰਗ ਅੰਗ੍ਰੇਜ਼ੀ ਵਿਚ ਅਤੇ ਅਨਾਤੋਲੇ ਫ਼ਰਾਂਸ਼ਸੋ ਵਿਚ ਇਸ ਪ੍ਰਣਾਲੀ

ਦੇ ਜਨਕ ਮੰਨੇ ਜਾਂਦੇ ਹਨ। ਇਹ ਨਵੇਂ ਸਾਹਿਤਕਾਰਾਂ ਨੂੰ ਅਗਵਾਈ ਨਹੀਂ ਦੇ ਸਕਦੀ ਅਤੇ ਨਾ ਹੀ ਸਚਾਈ ਪ੍ਰਗਟਾਉਣ ਵਿਚ ਸ੍ਰੇਸ਼ਟ ਸਿਧ ਹੋ ਸਕਦੀ ਹੈ ਪਰੰਤੂ ਭੁਲੇਖੇ ਪਾਉਣ ਵਿਚ ਸਹਾਇਕ ਜ਼ਰੁਰ ਹੋ ਸਕਦੀ ਹੈ।

੪. ਨਿਰਣਯਾਤਮਕ ਸਮਾਲੋਚਨਾ (Judicial Criticism) :– ਇਸ ਨੂੰ ਸ਼ਾਸਤਰੀਯ ਆਲੋਚਨਾ ਵੀ ਕਹਿਆ ਜਾਂਦਾ ਹੈ ਕਿਉਂਕਿ ਆਲੋਚਕ ਇਸ ਵਿਚ ਸਿਧਾਂਤਕ ਨਿਆਇਧੀਸ਼ (judge) ਦੇ ਸਮਾਨ ਹੁੰਦਾ ਹੈ ਅਤੇ ਉਹ ਇਕ ਨਿਸ਼ਚਿਤ ਮਾਪ-ਦੰਡ ਦੇ ਆਧਾਰ ਤੇ ਆਪਣਾ ਨਿਰਣਯ ਪੇਸ਼ ਕਰਦਾ ਹੈ। ਐਸੇ ਆਲੋਚਕ ਸ਼ਾਸਤਰੀਯ ਨੇਮਾਂ ਨੂੰ ਸਾਹਮਣੇ ਰਖਦੇ ਹੋਏ ਕਲਾਕਾਰ ਦੀ ਪ੍ਰਤਿਭਾ ਦਾ ਝਲਕਾਰਾ ਪੇਸ਼ ਕਰਦੇ ਹਨ। ਇਹੋ ਕਾਰਣ ਹੈ ਕਿ ਇਸ ਕਿਸਮ ਦੇ ਆਲੋਚਕ ਦਾ ਵਿਸ਼ੇਸ਼ ਵਿਦਵਾਨ ਹੋਣਾ ਜ਼ਰੂਰੀ ਹੈ। ਪੰਜਾਬੀ ਦੇ ਇਕ ਆਲੋਚਕ ਪ੍ਰੋ: ਸੰਤ ਸਿੰਘ ਸੇਖੋਂ ਦਾ ਕਹਿਣਾ ਹੈ ਕਿ "ਆਲੋਚਕ ਨੂੰ ਵਕੀਲ ਬਣਨਾ ਚਾਹੀਦਾ ਹੈ ਜੱਜ ਨਹੀਂ" ਕੁਝ ਅਸੁਭਾਵਕਤਾ ਵਿਚ ਗ੍ਰਸਿਆ ਜਾਪਦਾ ਹੈ। ਸਮਾਲੋਚਕ ਦਾ ਕੰਮ ਕਿਸੇ ਕਿਰਤ ਜਾਂ ਰਚਨਾ ਨੂੰ ਵੇਖ ਕੇ, ਘੋਖ ਕੇ ਅਤੇ ਨਿਰਣਯ ਕਰ ਕੇ ਨਿਆਂ ਕਰਨਾ ਹੁੰਦਾ ਹੈ, ਕੇਵਲ ਬਹਿਸ ਕਰਨਾ ਨਹੀਂ। ਆਲੋਚਕ ਪਾਠਕਾਂ ਦਾ ਪ੍ਰਤਿਨਿਥ ਹੈ, ਇਸ ਲਈ ਕਿਸੇ ਰਚਨਾ ਤੇ ਫੈਸਲਾ ਦੇਣਾ ਵੀ ਇਸ ਦਾ ਕਰਤੱਵ ਹੈ। ਇਨਸਾਫ਼ ਦੀ ਤਕੜੀ ਫੜ ਕੇ ਨਿਆਂ ਸਬੰਧੀ ਠੁੰਗਾ ਮਾਰਨਾ ਉਚੇਚੇ ਸੰਤੁਲਨ ਨਾਲ ਨਿਆਗਮਨੀ ਕਰਨਾ ਹੈ। ਸੰਤੁਲਤ ਨਿਆਇ ਸਮੀਖਿਆ ਵਿਚ ਅਵੱਸ਼ਕ ਹੈ। ਅਰਸਤੂ ਦੇ ਨਾਟਕ ਅਤੇ ਕਵਿਤਾ ਸੰਬੰਧੀ poetics ਵਿਚ ਬਣਾਏ ਹੋਏ ਨੀਯਮ ਦੀ ਰੱਬੀ ਬਾਣੀ ਦੀ ਤਰ੍ਹਾਂ ਪ੍ਰਸੰਸਾਏ ਜਾਂਦੇ ਰਹੇ ਹਨ। ਪਰ ਕਿਉਂਕਿ ਸਿਧਾਂਤ ਸਮੇਂ ਦੇ ਗੇੜ ਨਾਲ ਪਰਿਵਰਤਿਤ ਹੋ ਜਾਂਦੇ ਹਨ ਇਸ ਲਈ Judicial Criticism ਦੀ ਮਹੱਤਤਾ ਵਿਚ ਵੀ ਪਰਿਵਰਤਨ ਆਉਣਾ ਕੁਦਰਤੀ ਹੈ। ਜਿਵੇਂ ਜੇਕਰ ਸ਼ੇਕਸਪੀਅਰ ਦੇ ਨਾਟਕਾਂ ਨੂੰ three unities ਦੇ ਆਧਾਰ ਤੇ ਪਰਖੀਏ ਜਾਂ ਰਾਜ ਪ੍ਰਬੋਧ ਚੰਦ੍ਰ ਨਾਟਕ ਜਾਂ ਬਿਚਿਤਰ ਨਾਟਕ ਨੂੰ ਪਰਖੀਏ ਤਾਂ ਆਧੁਨਿਕ ਨਾਟਕਾਲੋਚਨਾ ਦੇ ਸਿਧਾਂਤਾਂ ਅਨੁਕੂਲ ਇਸ ਦਾ ਮੁਲ ਅਸੀਂ ਲੋੜੀਂਦਾ ਨਹੀਂ ਪਾ ਸਕਦੇ ਅਤੇ ਇਸ ਤਰ੍ਹਾਂ ਨਿਆਂ ਨਹੀਂ ਹੁੰਦਾ। ਭਰਤ ਮੁਨੀ ਦੇ ਬਣਾਏ ਹੋਏ ਨਾਟ-ਸਿਧਾਂਤ ਅਜ ਕਲ ਬਹੁਤੇ ਨਹੀਂ ਸਨਮਾਨੇ ਜਾਂਦੇ। ਉਨ੍ਹਾਂ ਦਾ ਮੁਲ ਉਨ੍ਹਾਂ ਦੇ ਸਮੇਂ ਵਿਚ ਹੁਣ ਨਾਲੋਂ ਕਿਤੇ ਅਧਿਕ ਸੀ। ਵਾਸਤਵ ਵਿਚ ਜੇਕਰ ਅਜੋਕੇ ਸਾਮਾਜਿਕ ਸਾਹਿਤ ਦੇ ਅਜੋਕੇ ਸਿਧਾਂਤਾਂ ਅਨੁਕੂਲ Judicial Criticism ਕੀਤਾ ਜਾਵੇ ਤਾਂ ਸ਼ਾਇਦ ਇਹ ਚੰਗੀ ਗੱਲ ਹੋਵੇ।

੫. ਤੁਲਨਾਤਮਕ ਸਮਾਲੋਚਨਾ (Camparative Criticism) : ਅਜਿਹੀ ਸਮਾਲੋਚਨਾ ਪ੍ਰਣਾਲੀ ਵਿਚ ਆਲੋਚਕ ਦੋ ਭਿਨ ਭਿਨ ਪ੍ਰਕਾਰ ਦੇ ਕਲਾਕਾਰਾਂ ਦੀਆਂ ਕ੍ਰਿਤਾਂ ਤੁਲਨਾਤਮਕ ਦ੍ਰਿਸ਼ਟੀਕੋਣ ਤੋਂ ਘੋਖਦਾ ਹੈ, ਜਿਵੇਂ ਭਾਈ ਵੀਰ ਸਿੰਘ

ਦੀ ਅਧਿਆਤਮਕ ਰੁਚੀ ਅਤੇ ਲਾਲ ਸਿੰਘ ਕਮਲਾ ਅਕਾਲੀ ਜਾਂ ਬਾਵਾ ਬਲਵੰਤ ਦੀ ਅਧਿਆਤਮਕ ਰੁਚੀ ਦੀ ਤੁਲਨਾ ਕੀਤੀ ਜਾਵੇ । ਇਸ ਪ੍ਰਣਾਲੀ ਦਾ ਆਲੋਚਕ ਦੋਹਾਂ ਲਿਖਾਰੀਆਂ ਦੀਆਂ ਰਚਨਾਵਾਂ ਨੂੰ ਗੰਭੀਰਤਾ ਪੂਰਵਕ ਪੜ੍ਹਦਾ ਅਤੇ ਸਿਧਾਂਤਕ ਦ੍ਰਿਸ਼ਟੀ ਤੋਂ ਪਰਖਦਾ ਹੈ ਅਤੇ ਫੇਰ ਉਨਾਂ ਵਿਚਲੇ ਗੁਣਾਂ-ਦੋਸ਼ਾਂ ਦੀ ਤੁਲਨਾ ਕਰਦਾ ਹੈ । ਅਜਿਹੀ ਆਲੋਚਨਾ ਵਿਚ ਪੱਖਪਾਤਾਂ ਦੀ ਸੰਭਾਵਨਾ ਸੰਭਵ ਹੋ ਜਾਂਦੀ ਹੈ । ਹੁਣ ਤਕ ਕਈ ਅਜਿਹੇ ਛਪ ਚੁਕੇ ਨਿਬੰਧ ਹੋਂਦ ਵਿਚ ਆ ਚੁਕੇ ਹਨ, ਸ: ਗੁਰਬਖਸ਼ ਸਿੰਘ ਪ੍ਰੀਤਲੜੀ ਅਤੇ ਪ੍ਰਿੰਸੀਪਲ ਤੇਜਾ ਸਿੰਘ ਦੀ ਵਾਰਤਕ ਕਲਾ ਦਾ ਟਾਕਰਾ ਆਦਿ । ਪਹਿਲੀ ਗੱਲ ਤਾਂ ਇਹ ਹੈ ਕਿ ਦੁਹਾਂ ਦੇ ਵਿਸ਼ਯ ਵੱਖ ਵੱਖ ਹਨ ਅਤੇ ਕਿਸੇ ਕੀਮਤ ਤੇ ਵੀ ਤੁਲਨਾਏ ਨਹੀਂ ਜਾ ਸਕਦੇ, ਹਾਂ ਤਾਂ ਤੋਲੇ ਜਾ ਸਕਦੇ ਸਨ, ਜੇਕਰ ਦੋਹਾਂ ਦੇ ਵਿਚਾਰ ਇਕੋ ਕਿਸਮ ਦੀ ਵਾਰਤਕ ਵਿਚ ਲਿਖੇ ਹੋਏ ਹੁੰਦੇ । ਸ: ਗੁਰਬਖਸ਼ ਸਿੰਘ ਦਾ ਵਿਚਾਰ-ਧੁਰਾ ਸਦਾ ਪ੍ਰੀਤ ਰਹਿਆ ਹੈ ਅਤੇ ਪ੍ਰੀਤ ਦੇ ਸੋਹਲੇ ਗਾਉਣੇ ਉਸ ਦਾ ਜੀਵਨ ਸਿਧਾਂਤ ਹੈ ਅਤੇ ਇਸ ਦੇ ਮੁਕਾਬਲੇ ਤੇ ਤੇਜਾ ਸਿਘ ਦਾ ਦ੍ਰਿਸ਼ਟੀਕੋਣ ਅਤੇ ਵਿਸ਼ਯ ਵਸਤੂ ਸਦਾ ਹੀ ਸਾਹਿਤਕ ਰਹਿਆ ਹੈ, ਸੋਚਣ ਵਾਲੀ ਗੱਲ ਇਹ ਹੈ ਕਿ ਉਨ੍ਹਾਂ ਦੋਹਾਂ ਦੀਆਂ ਰਚਨਾਵਾਂ ਦੀ ਤੁਲਨਾ ਹੋ ਵੀ ਸਕਦੀ ਹੈ ਜਾ ਕਿ ਨਹੀਂ । ਤੁਲਨਾ ਤਾਂ ਹੋ ਸਕਦੀ ਸੀ ਜੇਕਰ ਦੋਹਾਂ ਦੇ ਵਿਸ਼ਯ ਵਸਤੂ ਜਾਂ ਵਾਰਤਕ ਰੂਪ ਇਕੋ ਜਿਹੇ ਹੁੰਦੇ । ਸਾਹਿੱਤ ਇਕ ਸਮੁੰਦਰ ਹੈ ਅਤੇ ਪਿਆਰ ਉਸ ਵਿਚ ਪੈਣ ਵਾਲੀ ਇਕ ਨਦੀ । ਸਾਗਰ ਤੇ ਨਦੀ ਦੀ ਕੀ ਤੁਲਨਾ ਕੀਤੀ ਜਾ ਸਕਦੀ ਹੈ ? ਹਿੰਦੀ ਸਾਹਿਤ ਵਿਚ ਵੀ ਸਮਾਲੋਚਨਾ-ਖੇਤਰ ਵਿਚ ਡਾ: ਸ਼ਾਮ ਸੁੰਦਰ ਦਾਸ ਦੀ ਸੂਰ ਅਤੇ ਤੁਲਸੀ ਦੀ ਆਲੋਚਨਾ ਇਸੇ ਪ੍ਰਕਾਰ ਦੀ ਹੈ ।

੬. ਮਨੋਵਿਗਿਆਨਕ ਆਲੋਚਨਾ (Psychological Criticism) : ਇਸ ਧਾਰਾ ਦਾ ਅਰੰਭ ਪੱਛਮ ਵਿਚ ਫਰਾਇਡ ਮਨੋਵਿਗਿਆਨੀ ਦੇ ਸਿਧਾਂਤਾਂ ਦੀ ਛਤਰ ਛਾਇਆ ਹੇਠ ਹੋਇਆ । ਮਨੋ-ਵਿਸ਼ਲੇਸ਼ਣ ਇਨ੍ਹਾਂ ਮਨੋਵਿਗਿਆਨੀਅ ਫਰਾਇਡ, ਐਡਲਰ, ਵੁਡਵਰਥ ਅਤੇ ਗੈਰਿਟ ਦੁਆਰਾ ਨਵੇਂ ਸਾਹਿਤ ਸਿਧਾਂਤਾਂ ਤੇ ਨਵੀਆਂ ਆਲੋਚਨਾਤਮਕ ਪ੍ਰਣਾਲੀਆਂ ਦਾ ਜਨਮ ਹੋਇਆ । ਫਰਾਇਡ ਦੇ ਕਥਨ ਅਨੁਸਾਰ "ਕਲਾ ਜਾਂ ਸਾਹਿਤ ਮਨੁਖ ਦੀ ਅਸੰਤੁਸ਼ਟ ਕਾਮਵਾਸਨਾ ਦੀ ਸੰਤੁਸ਼ਟੀ ਦਾ ਸਾਧਨ ਹੈ ।" ਇਸ ਅਲੋਚਨਾ ਵਿਚ ਕਿਸੇ ਕਵੀ ਜਾਂ ਕਲਾਕਾਰ ਦੇ ਅੰਤਰਤਮ ਦਾਂ ਵਿਸਲੇਸ਼ਣ ਕੀਤਾ ਗਇਆ ਹੁੰਦਾ ਹੈ ਅਤੇ ਇਹ ਵੇਖਿਆ ਜਾਂਦਾ ਹੈ ਕਿ ਇਸ ਪ੍ਰਕਾਰ ਦੀ ਰਚਨਾ ਲਈ ਉਸੇ ਨੂੰ ਪ੍ਰੇਰਤ ਕਰਨ ਲਈ ਮੂਲਭੂਤ-ਮਨੋਵ੍ਰਿਤੀਆਂ ਕਿਹੜੀਆਂ ਹਨ । ਇਸ ਦੇ ਨਾਲ ਨਾਲ ਉਨ੍ਹਾਂ ਬ੍ਰਹਮ ਪਰਿਸਥਿਤੀਆਂ ਨੂੰ ਦੇਖਿਆ ਜਾਂਦਾ ਹੈ ਜੋ ਕਿ ਉਨ੍ਹਾਂ ਮਨੋਵ੍ਰਿਤੀਆਂ ਦੀ ਉਤਪਤੀ ਦਾ ਕਾਰਣ ਹੁੰਦੀਆਂ ਹਨ । ਅਜ ਕਲ ਅਜਿਹੀ ਆਲੋਚਨਾ ਨੂੰ ਵੀ ਸਨਮਾਨਿਆ ਜਾਂਦਾ ਹੈ । ਇਸ ਧਾਰਨਾ

ਵਿਚ ਕਲਾਕਾਰ ਦੇ ਅੰਦਰਲੇ ਭਾਵਾਂ ਤੇ ਉਸ ਦੇ ਵਿਅਕਤਿਤ੍ਵ ਦਾ ਵਿਸ਼ਲੇਸ਼ਣ ਵੀ ਕੀਤਾ ਗਇਆ ਹੁੰਦਾ ਹੈ ।ਆਮ ਵਿਦਵਾਨ ਇਸ ਪ੍ਰਣਾਲੀ ਨੂੰ ਵੀ ਅਪੂਰਨ ਕਰਾਰ ਦੇਂਦੇ ਹਨ । ਕਾਰਨ ਇਹ ਦਸਿਆ ਜਾਂਦਾ ਹੈ ਕਿ ਹਰ ਸ਼੍ਰੇਣੀ ਦੀਆਂ ਰਚਨਾਤਮਕ ਕੀਮਤਾਂ ਦੂਜੀ ਤੇ ਤੁਲ ਨਹੀਂ ਹੋ ਸਕਦੀਆਂ । ਇਕ ਕਵੀ ਦਾ ਕਾਵਿ-ਅਨੁਭਵ ਤੇ ਕਾਵਿ ਅਵਸਥਾ ਦੂਜੇ ਦੇ ਪੱਧਰ ਦੀ ਨਹੀਂ ਹੋ ਸਕਦੀ ਜਿਵੇਂ ਬਾਵਾ ਬਲਵੰਤ ਦੀ ਕਾਵਿ-ਉਡਾਰੀ ਦੇ ਮੁਕਾਬਲੇ ਤੇ ਗਿਆਨੀ ਗੁਰਮੁਖ ਸਿੰਘ ਮੁਸਾਫਿਰ ਜਾਂ ਹਰਿੰਦਰ ਸਿੰਘ ਰੂਪ ਜਾਂ ਕਈ ਹੋਰ ਕਵੀ ਆਦਿ ਦੇ ਵਿਸ਼ਯ ਵਸਤੂ ਅਤੇ ਦਰਿਸ਼ਟੀ ਕੋਣ ਨਹੀਂ ਸੁਮੇਲੇ ਜਾ ਸਕਦੇ । ਇਹ ਆਲੋਚਨਾ ਜੇਕਰ ਦੂਜੀਆਂ ਪ੍ਰਣਾਲੀਆਂ ਪਾਸੋਂ ਸਹਾਇਤਾ ਪ੍ਰਾਪਤ ਕਰ ਲਵੇ ਤਾਂ ਇਹ ਉਤਮ ਆਲੋਚਨਾ ਅਖਵਾ ਸਕਦੀ ਹੈ ।

ਇਸ ਤੋਂ ਇਲਾਵਾ, ਅਜ ਦੇ ਯੁਗ ਦੀ ਵਿਗਿਆਨਕ ਕਾਢ ਸਦਕੇ ਪ੍ਰਗਤੀਵਾਦੀ ਆਲੋਚਨਾ ਵੀ ਸਾਹਿਤ ਆਲੋਰਨਾ ਦੇ ਅਖਾੜੇ ਵਿਚ ਆ ਗਈ ਹੈ । ਇਸ ਨੂੰ ਮਾਰਕਸਵਾਦੀ ਦਰਿਸ਼ਟੀ ਕੋਣ ਤੇ ਆਧਾਰਿਤ ਮੰਨਿਆ ਜਾਂਦਾ ਹੈ । ਇਸ ਆਲੋਚਨਾ ਸਿਧਾਂਤ ਅਨੁਕੂਲ ਸਾਹਿਤ ਸਾਮੂਹਿਕ ਅਭਿਅਕਤੀ ਹੈ ਤੇ ਉਸ ਦਾ ਉਦੇਸ਼ ਜਨਤਕ ਭਲਾਈ । ਜਨਤਾ ਨੂੰ ਸ਼੍ਰੇਣੀ-ਰਹਿਤ ਸਮਾਜ ਪੈਦਾ ਕਰਨਾ ਹੈ ।'' ਡਾ: ਰੋਸ਼ਨ ਲਾਲ ਆਹੂਜਾ ਇਸ ਨੂੰ ਪ੍ਰਨਧਿਤੀਵਾਦੀ ਆਲੋਚਨਾ ਕਹਿੰਦੇ ਹਨ । ਇਸ ਪ੍ਰਣਾਲੀ ਦੇ ਅਨੁਯਾਈ ਇਸ ਗਲ ਵਿਚ ਭਰੋਸਾ ਰਖਦੇ ਹਨ ਕਿ ਮਨੁਖ ਸਮਾਜਕ ਜੀਵ ਹੈ ਤੇ ਉਸ ਦਾ ਹਰ ਕਰਮ ਸਾਮਾਜਿਕ ਹੈ । ਕੋਈ ਸਾਹਿਤਕਾਰ ਆਪਣੇ ਸਮੇਂ ਨੂੰ ਅਤੇ ਵਿਅਕਤਿਤ੍ਵ ਨੂੰ ਸਾਹਿਤ ਵਿਚ ਕਲਾਮਈ ਢੰਗ ਨਾਲ ਅੰਕਿਤ ਕਰਨ ਤੋਂ ਨਹੀਂ ਰਹਿ ਸਕਦਾ । ਮਹਾਨ ਸਾਹਿਤਕਾਰ ਆਪਣੇ ਸਮੇਂ ਦੀ ਧੁਨੀ ਜਾਂ ਆਵਾਜ਼ ਕਹੇ ਜਾਂਦੇ ਹਨ ਜੋ ਭਵਿਸ਼ ਲਈ ਚਾਨਣਮੁਨਾਰੇ ਹੋ ਨਿਬੜਦੇ ਹਨ । ਪ੍ਰੋ: ਵਿਜੈ ਚੁਹਾਨ ਦੇ ਕਹਿਣ ਮੁਤਾਬਕ ਇਤਿਹਾਸਕ ਭੋਤਿਕਵਾਦੀ ਦਰਿਸ਼ਟੀਕੋਣ ਤੋਂ ਅਡ ਅਡ ਦੇਸ਼ਾਂ ਦੇ ਮਾਰਕਸਵਾਦੀ ਆਲੋਚਕ ਪਿਛਲੀ ਸਦੀ ਤੋਂ ਹੀ ਜਿਸ ਵਿਗਿਆਨਕ ਸੂਹਜ-ਸ਼ਾਸਤਰ ਦੀ ਰਚਨਾ ਕਰਦੇ ਆਏ ਹਨ, ਪ੍ਰਗਤਿਵਾਦੀ ਉਸੇ ਦਾ ਹੀ ਭਾਰਤੀ ਨਾਂ ਹੈ ।

ਵਿਸ਼ੇ ਦੇ ਪੱਖ ਤੋਂ ਉਪਰੋਕਤ ਪ੍ਰਕਾਰਾਂ ਸਮਾਲੋਚਨਾ ਦੀਆਂ ਤੇ ਵਿਸਤਾਰ-ਪੂਰਵਕ ਬਹਿਸ ਕਰਨ ਉਪਰੰਤ ਹੁਣ ਅਸੀਂ ਰੂਪਾਤਮਕ ਪੱਖ ਤੋਂ ਆਲੋਚਨਾ ਨੂੰ ਪਰਖਾਂਗੇ । ਰੂਪਕ ਪੱਖ ਤੋਂ ਆਲੋਚਨਾ ਦੀ ਉਸਾਰੀ ਆਮ ਤੌਰ ਤੇ ਦੋ ਸਿਧਾਂਤਾਂ ਦੇ ਅਧੀਨ ਉਸਰਦੀ ਵੇਖੀ ਗਈ ਹੈ । ''ਕਲਾ ਕਲਾ ਲਈ'' ਅਤੇ ''ਕਲਾ ਸਮਾਜ ਲਈ ਜਾਂ ਲੋਕਾਂ ਲਈ ।'' ਕਲਾ ਕਲਾ ਲਈ ਦੇ ਸਿਧਾਂਤ ਦੇ ਪੁਜਾਰੀਆਂ ਦੀ ਜੋਤ ਅਜ ਕਲ ਮਧਮ ਪੈਂਦੀ ਜਾ ਰਹੀ ਹੈ ਤੇ ਕਲਾ ਲੋਕਾਂ ਲਈ ਜਾਂ ਸਮਾਜ ਲਈ, ਆਦਿ ਦਾ ਦੌਰ ਦੌਰਾ ਪ੍ਰਚਲਿਤ ਹੋ ਰਹਿਆ ਹੈ । ਇਸ ਪੜਚੋਲ ਦਾ ਦੂਜਾ ਨਾਂ ਅਸੀਂ ਤਕਨੀਕੀ ਪੜਚੋਲ ਵੀ ਰਖ ਸਕਦੇ ਹਾਂ । ਇਸ ਵਿਚ ਆਲੋਚਨਾ ਸ਼ਾਸਤਰ ਅਨੁਸਾਰ ਨਿਯਮ-ਬਧ ਕੀਤੇ ਗਏ ਸਿਧਾਂਤਾਂ ਦੇ

ਆਧਾਰ ਤੇ ਕਿਸੇ ਆਲੋਚਨਾ ਦੀ ਕੀਮਤ ਪਾਈ ਜਾਂਦੀ ਹੈ।

ਯਥਾਰਥਵਾਰੀ ਆਲੋਚਨਾ ਸਾਹਿਤ ਦੀ ਵਸਤੂ ਤੇ ਰੂਪ ਦੋਹਾਂ ਤੇ ਟੀਕਾ ਟਿਪਣੀ ਕਰਦੀ ਹੈ ਤੇ ਮਹਾਨਤਾ ਦਰਸਾਉਂਦੀ ਹੈ। ਮਹਾਨ ਵਸਤੂ ਮਹਾਨ ਕਲਾ ਪੈਦਾ ਕਰਦੀ ਹੈ ਜਾਂ ਮਹਾਨ ਕਲਾ ਵਿਸ਼ਯ ਦੀ ਮਹਾਨਤਾ ਨੂੰ ਵੀ ਚਾਰ ਚੰਦ ਲਾ ਜਾਂਦੀ ਹੈ। ਮਹਾਨ ਕਲਾ ਮਹਾਨ ਸਾਹਿਤ ਵੀ ਉਪਜਾਉਂਦੀ ਹੈ। ਯਥਾਰਥਵਾਦੀ ਆਲੋਚਨਾ ਵਾਸਤਵ ਵਿਚ ਤਾਂ ਉਤਮ ਹੈ ਪਰੰਤੂ ਸਾਹਿਤਕਾਰਾਂ ਵਿਚ ਯਥਾਰਥਵਾਦੀ ਆਲੋਚਨਾ ਸਹਿਣ ਦਾ ਮਾਦਾ ਹੈ। ਪੰਜਾਬੀ ਸਾਹਿਤ ਵਿਚ ਯਪਾਰਥਵਾਦੀ ਆਲੋਚਨਾ ਦੀ ਘਾਟ ਹੈ ਪਰੰਤੂ ਹਿੰਦੀ ਸਾਹਿਤ ਵਿਚ ਪ੍ਰਚਲਿਤ ਜ਼ਰੂਰ ਹੈ।

ਪ੍ਰਗਤਿਵਾਦੀ ਆਲੋਚਨਾ ਜੇ ਕਰ ਯਥਾਰਥਵਾਦ ਉਪਰ ਆਸਰਿਤ ਹੋ ਜਾਵੇ, ਨਿਆਇ ਤੇ ਅਪੱਖ-ਪਾਤਤਾ ਨਾਲ ਜੋਟੀ ਪਾ ਲਵੇ, ਸਮੇਂ ਅਨੁਕੂਲ ਪ੍ਰਚਲਿਤ ਸਿਧਾਂਤਾਂ ਦੀ ਸੇਵਾ ਪ੍ਰਾਪਤ ਕਰ ਲਵੇ, ਲੇਖਕ ਦੀਆਂ ਡੂੰਘਾਈਆਂ ਤਕ ਅਪੜ ਕੇ ਬਹੁ-ਮੁਲੇ ਸਿਟੇ ਪ੍ਰਾਪਤ ਕਰ ਲਵੇ. ਮਨੋਵਿਗਿਆਨ ਦੀਆਂ ਉੱਚੀਆਂ ਤੇ ਸੁਚੀਆਂ ਕਰਾਮਾਤਾਂ ਦੇ ਜਲਵਿਆਂ ਦੀ ਸੂਹ ਹਾਸਿਲ ਕਰ ਲਵੇ ਅਤੇ ਤੁਲਨਾਤਮਕ ਵਿਸ਼ਲੇਸ਼ਣ ਦੇ ਗਲ ਲਗ ਕੇ ਜੇਕਰ ਤੁਰੇ ਤਾਂ ਉੱਚਤਮ ਆਲੋਚਨਾ ਪੈਦਾ ਹੋ ਸਕਦੀ ਹੈ। ਕਿਉਂਕਿ ਉਪਰ ਅੰਕਿਤ ਆਲੋਚਨ-ਪ੍ਰਕਾਰਾਂ ਠੀਕ ਤੇ ਪ੍ਰਮਾਣਿਕ ਸਿਧ ਨਹੀਂ ਹੁੰਦੀਆਂ, ਇਸ ਲਈ ਉਸਾਰੂ ਸਮਾਲੋਚਨਾ (Constructive Criticism) ਪੈਦਾ ਕਰਨ ਲਈ ਸਾਨੂੰ ਸਰਬ-ਸਿਧਾਂਤਕ ਸਮਾਲੋਚਨਾ ਦਾ ਸਹਾਰਾ ਲੈਣਾ ਪਵੇਗਾ, ਨਹੀਂ ਤਾਂ ਅਜੋਕੀ ਸਮਾਲੋਚਨਾ ਵੀ ਢਾਹੂ ਸਮਾਲੋਚਨਾ (Destructive Criticism) ਹੀ ਸਿਧ ਹੋ ਜਾਵੇਗੀ।

ਆਲੋਚਕ ਜਿਥੇ ਇਕ ਕਲਾਕਾਰ ਹੈ ਉਥੇ ਇਹ ਇਕ ਵਿਗਿਆਨੀ ਵੀ ਹੈ। ਕਲਾਕਾਰ ਇਸ ਕਰ ਕੇ ਕਿਉਂਕਿ ਇਸ ਨੇ ਸਾਹਿਤਕਾਰਾਂ ਦੀ ਕਲਾ ਨਿਪੁਣਤਾ ਦਾ ਮੁਲਿਆਂਕਨ, ਆਪਣੀ ਤੇਜ਼ ਬੌਧਤਾ ਤੇ ਚੇਤੰਨਤਾ ਸਦਕੇ ਕਲਾ ਦੁਆਰਾ ਕਰਨਾ ਹੁੰਦਾ ਹੈ, ਇਸ ਲਈ ਇਹ ਇਕ ਕਲਾਕਾਰ ਵੀ ਹੈ। ਵਿਗਿਆਨੀ ਇਸ ਕਰ ਕੇ ਹੈ ਕਿਉਂਕਿ ਇਸ ਨੂੰ ਨਿਜੀ ਅਨੁਭਵ ਵਿਸ਼ਲੇਸ਼ਣ ਅਤੇ ਨਿਰਣਯ ਸਹਿਤ ਗੁਣਾਂ-ਦੋਸ਼ਾਂ ਨੂੰ ਪਰਖਣਾ ਹੁੰਦਾ ਹੈ। ਪ੍ਰੋ: ਕਰਮਜੀਤ ਦੇ ਕਹਿਣ ਅਨੁਸਾਰ "ਆਲੋਚਕ ਸੂਖਮ ਸੰਸਾਰ ਦਾ ਇਕ ਸਿਆਣਾ ਸਰਜਨ ਜਾਂ ਡਾਕਟਰ ਹੁੰਦਾ ਹੈ।' ਸਾਹਿਤਕਾਰ ਸਮਾਜਕ ਬਿਮਾਰੀਆਂ ਲਭਦੇ ਤੇ ਆਪਣੀ ਕਲਾ ਦਾ ਧੁਰਾ ਬਣਾਉਂਦੇ ਹਨ ਜਦ ਕਿ ਡਾਕਟਰ-ਆਲੋਚਕ ਉਨ੍ਹਾਂ ਇਲਾਜਾਂ ਦੀ ਪਰਖ ਕਰਦਾ ਹੈ ਕਿ ਦੁਆਈ (ਹੱਲ) ਠੀਕ ਵੀ ਦਿਤੀ ਹੈ ਜਾਂ ਨਹੀਂ। ਉਦਾਹਰਣ ਵਜੋਂ—"ਨਾਨਕ ਸਿੰਘ ਜਿਥੇ ਸਮਾਜਕ ਬੁਰਾਈਆਂ ਜਾਂ ਬੀਮਾਰੀਆਂ ਲਭਣ ਵਿਚ ਤਾਕ ਹੈ, ਓਨਾਂ ਹੱਲ ਦਸਣ ਵਿਚ ਨਹੀਂ।" ਇਹ ਗੱਲ ਕਿਸ ਨੇ ਕਹੀ, ਘੋਖੀ —ਉਤਰ ਮਿਲਦਾ ਹੈ, ਆਲੋਚਕ ਨੇ। ਸੰਗਮ ਵਿਚ ਨਾਨਕ ਸਿੰਘ ਦੋ ਅਣਜੋੜ ਜੋੜੀਆਂ ਦਾ ਜੋੜ ਕਰਵਾਂਦਾ ਹੈ, ਉਸ ਜੋੜ ਦੀ ਪਰਖ

ਆਲੋਚਕ ਨੇ ਕਰਨੀ ਹੁੰਦੀ ਹੈ ਕਿ ਆਇਆ ਇਹ ਜੋੜ ਠੀਕ ਵੀ ਬਣਾਇਆ ਗਇਆ ਹੈ ਜਾ ਕਿ ਸਗੋਂ ਅਗੇ ਨਾਲੋਂ ਵੀ ਅਨਜੋੜ ਬਣਾ ਦਿਤਾ ਹੈ। ਇਹ ਆਲੋਚਕ ਦੇ ਹਥ ਵਿਚ ਹੈ ਜੇ ਚਾਹੇ ਤਾਂ ਉਸ ਨੂੰ ਸਿਧ ਕਰ ਕੇ ਉਚਿਆ ਸਕਦਾ ਹੈ ਜੇ ਚਾਹੇ ਤਾਂ ਨਿੰਦ ਸਕਦਾ ਹੈ। ਪਰ, ਸਮਾਲੋਚਕ ਨੂੰ ਚਾਹੀਦਾ ਇਹ ਹੈ ਕਿ ਉਹ ਜਿਥੇ ਗੁਣ ਹਨ, ਗੁਣ ਦਸੇ, ਔਗਣ ਹੋਣ ਔਗਣ ਦਸੇ, ਵਿਗਿਆਨਕ ਢੰਗ ਨਾਲ। ਜੇਕਰ ਹੋ ਸਕੇ ਤਾਂ ਆਲੋਚਕ ਸਾਹਿਤਕਾਰ ਦੀ ਕਢੀ ਹੋਈ ਗਲਤੀ ਲਈ ਸੁਝਾਉ ਜਾਂ ਸੋਧ ਪੇਸ਼ ਕਰ ਦੇਵੇ ਤਾਂ ਠੀਕ ਰਹੇਗਾ।

ਵੇਦ-ਵਾਕਾਂ ਅਨੁਸਾਰ ਸਤਿਅ, ਸ਼ਿਵੰ ਅਤੇ ਸੁੰਦਰੰ ਜਿਸ ਰਚਨਾਂ ਜਾਂ ਆਲੋਚਨਾ ਵਿਚ ਹੋਵੇ ਉਹ ਰਚਨਾ ਜਾਂ ਆਲੋਚਨਾ ਮਹਾਨ ਹੁੰਦੀ ਹੈ। ਸਤਿਅੰ ਤੋਂ ਭਾਵ ਸਚਾਈ ਜਾਂ ਯਥਾਰਥਵਾਦੀ ਸਤਿਅੰ ਸਮੇਂ ਦੀ ਆਵਾਜ਼ ਹੈ, ਭਾਵ ਲੋਕਾਂ ਦੀ ਆਵਾਜ਼ ਸਤਿਅੰ ਵਿਚ ਹੀ ਹੁੰਦੀ ਹੈ। ਸੁੰਦਰੰ ਤੋ ਭਾਵ ਸੁੰਦਰਤਾ, ਅਕਾ-ਰਹਿਤ, ਸੁਹਜ-ਸੁਆਦ ਪੈਦਾ ਕਰਨ ਵਾਲੀ ਜਾਂ ਸੁਹਜ ਸੁਆਦ ਦੇਣ ਵਾਲੀ ਅਤੇ ਮਨਾਂ ਦੀਆਂ ਗੁੰਝਲਾਤਮਕ ਸਮੱਸਿਆਵਾਂ ਦੇ ਹੱਲ ਦਸ ਕੇ ਸੁਝਾਉ ਦੇਣ ਵਾਲੀ ਆਲੋਚਨਾ ਹੀ ਹੈ। ਸ਼ਿਵੰ ਦੇ ਅਰਥ ਕਲਿਆਣਕਾਰੀ ਦੇ ਹੁੰਦੇ ਹਨ, ਜਿਹੜੀ ਵੀ ਸਮੱਸਿਆ ਕਿਸੇ ਰਚਨਾ ਦਾ ਵਿਸ਼ਾ ਵਸਤੁ ਬਣੇ, ਉਸ ਵਿਚ ਕਲਿਆਣਕਾਰੀ ਅੰਸ਼ ਜ਼ਰੂਰ ਹੋਣਾ ਚਾਹੀਦਾ ਹੈ, ਤਾਂ ਹੀ ਉਹ ਜੀਵਨ ਦੀ ਅਗਵਾਈ ਕਰ ਸਕਦਾ ਹੈ। ਕਿਸੇ ਨਾ ਕਿਸੇ ਸ਼ਕਲ ਵਿਚ ਰਚਨਾ ਦਾ ਹੱਲ ਜਾਂ ਸੰਕੇਤਕ ਹੱਲ ਜ਼ਰੂਰ ਹੋਣਾ ਚਾਹੀਦਾ ਹੈ ਤਾਂ ਜੁ ਸਾਡਾ ਸਮਾਜ ਅਜਿਹੀ ਸਮੱਸਿਆ ਦੇ ਭਿਆਨਕ ਸਿਟਿਆਂ ਤੋਂ ਬਚ ਸਕੇ। ਯੂਨਾਨ ਦਾ ਪ੍ਰਸਿਧ ਵਿਦਵਾਨ ਪਲੈਟੋ ਵੀ ਭਾਰਤੀ ਨੀਯਮਾਵਲੀ ਨਾਲ ਸਹਮਤੀ ਪ੍ਰਗਟ ਕਰਦਾ ਹੋਇਆ ਕਹਿੰਦਾ ਹੈ ਕਿ ਆਲੋਚਨਾ ਅਤੇ ਸਾਹਿਤ ਵਿਚ the good, the beautiful, the truth ਰੂਪੀ ਅੰਸ਼ ਹੋਣਾ ਚਾਹੀਦਾ ਹੈ। ਆਲੋਚਨਾ ਸਾਹਿਤ ਦੇ ਮਗਰ ਮਗਰ ਤੁਰਦੀ ਹੈ। ਸਾਹਿਤ ਪਹਿਲਾਂ ਉਪਜਾਇਆ ਜਾਂਦਾ ਹੈ, ਆਲੋਚਨਾ ਪਿਛੋਂ ਪ੍ਰਵੇਸ਼ ਕਰਦੀ ਹੈ। "ਹਡਸਨ" ਵੀ ਹੇਠ ਲਿਖੇ ਸ਼ਬਦਾਂ ਵਿਚ ਸਿਰਜਨਾਤਮਕ ਆਲੋਚਨਾ ਸਬੰਧੀ ਆਪਣਾ ਸਿਧਾਂਤ ਪੇਸ਼ ਕਰਦਾ ਹੈ :—"True criticism also withdraws its matter and inspiration from life and in its own way it, likewise, is creative." ਜਨਤਾ ਆਲੋਚਕਾਂ ਪਾਸੋਂ ਇਨਸਾਫ਼, ਸਹੀ ਤੇ ਸੱਚਾ ਤੋਲ, ਨਿਰਪੱਖਤਾ, ਪ੍ਰੇਮ-ਪਰੁਚਾ ਵਿਵਹਾਰ ਤੇ ਸਾਮਾਜਿਕ ਕੀਮਤਾਂ ਅਨੁਕੂਲ ਉਪਜਾਏ ਜਾ ਚੁਕੇ ਸਿਧਾਂਤਾਂ ਸਹਿਤ ਆਲੋਚਨਾਤਮਕ ਵਿਸ਼ਲੇਸ਼ਣ ਦੀ ਮੰਗ ਕਰਦੀ ਹੈ, ਜਿਸ ਦੀ ਸਹਾਇਤਾ ਨਾਲ ਉਸਾਰੂ ਸਾਹਿਤ ਵੀ ਉਪਜ ਸਕਦਾ ਹੈ ਅਤੇ ਅਰੋਗ-ਆਲੋਚਨਾ (Healthy Criticism) ਵੀ।

—o—

ਸ਼ਾਕਿਰ ਪੁਰਸ਼ਾਰਥੀ :—

# ਲੋਕ-ਗੀਤ ਤੋਂ ਕਵਿਤਾ ਤਕ

## ( ੧ )

ਸਮੇਂ ਦੀ ਗਡੀ ਜਾਰੀ ਰਹੀ; ਇਨਸਾਨ ਵੀ ਸਮੇਂ ਦ ਨਾਲ ਨਾਲ ਅੱਗੇ ਵਧਦਾ ਰਹਿਆ। ਪੁਸ਼ਤ-ਦਰ-ਪੁਸ਼ਤ ਅਨੁਭਵ ਅਰ ਗਿਆਨ ਦੇ ਸਹਾਰੇ, ਇਨਸਾਨ ਸਮੇਂ ਨਾਲ ਕਦਮ ਮਿਲਾ ਕੇ ਟੁਰਦਾ ਰਹਿਆ ਹੈ, ਕਿਉਂਕਿ ਜ਼ਿੰਦਗੀ ਦੀਆਂ ਸਭੇ ਲੋੜਾਂ ਨੂੰ ਪੂਰਾ ਕਰਨ ਦੀ ਸਾਰੀ ਜ਼ਿਮੇਵਾਰੀ ਹੁਣ ਉਸੇ ਤੇ ਆ ਪਈ—ਪਰ ਇਸ ਜ਼ਿਮੇਵਾਰੀ ਨੂੰ ਨਿਭਾਉਣ ਲਈ ਉਸ ਨੂੰ ਆਪਣੇ ਉਜ਼ਾਰਾਂ ਦਾ ਹੀ ਭਰੋਸਾ ਹੈ। ਇਹੋ ਕਾਰਨ ਹੈ ਕਿ ਉਤਪਾਦਨ ਦੇ ਸਾਧਨਾਂ ਦੀਆਂ ਵਧਦੀਆਂ ਹੋਈਆਂ ਲੋੜਾਂ ਦੇ ਮੁਤਾਬਕ ਹੀ ਉਨ੍ਹਾਂ ਵਿਚ ਸੁਧਾਰ ਹੁੰਦਾ ਰਹਿੰਦਾ ਹੈ। ਉਜ਼ਾਰਾਂ ਦੇ ਵਿਕਾਸ ਕਾਰਨ, ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ, ਪਹਿਲੋਂ ਨਾਲੋਂ ਸੁਖਾਲੀ ਹੋ ਜਾਂਦੀ ਹੈ। ਪਹਿਲੋਂ ਨਾਲੋਂ ਕਾਫੀ ਘੱਟ ਸਮੇਂ ਵਿਚ ਸਾਰਾ ਕੰਮ ਹੋ ਜਾਂਦਾ ਹੈ—ਤੇ ਹੁਣ ਉਸ ਨੂੰ ਹੋਰ ਜੀਵਨ-ਸਮਸਿਆਵਾਂ ਬਾਰੇ ਸੋਚਣ ਲਈ ਕਾਫੀ ਸਮਾਂ ਮਿਲਣ ਲਗ ਪਇਆ। ਉਪਨਿਸ਼ਦਾਂ ਦੇ ਕਾਲ ਦੇ ਸਮਾਜ ਅਰ ਵੇਦਕ-ਜੁਗ ਦੇ ਸਮਾਜ ਵਿਚਕਾਰ ਇਹੋ ਅੰਤਰ ਸਪਸ਼ਟ ਨਜ਼ਰ ਆਉਂਦਾ ਹੈ। ਉਪਨਿਸ਼ਦ-ਕਾਲ ਦੇ ਸਮਾਜ ਨੂੰ ਸੰਸਕ੍ਰਿਤੀ ਅਰ ਗਿਆਨ ਦੀ ਸ਼ਕਲ ਵਿਚ ਵੇਦਕ ਕਾਲ ਦਾ ਸਾਹਿਤ, ਵਿਰਸੇ ਵਿਚ ਮਿਲਿਆ ਸੀ। ਉਤਪਾਦਨ ਦੇ ਸਾਧਨ ਭਾਲਣ ਲਈ, ਉਸ ਨੂੰ ਨਵੇਂ ਸਿਰੇ ਤੋਂ ਸੰਘਰਸ਼ ਨਹੀਂ ਸੀ ਕਰਨਾ ਪਇਆ। ਇਹੋ ਕਾਰਨ ਹੈ ਕਿ ਵਢੇਕ-ਸਾਹਿਤ ਅਰ ਉਸ ਦੀ ਦੇਣ-ਮਾਲਾ ਨੂੰ ਉਪਨਿਸ਼ਦ-ਕਾਲ ਵਿਚ ਦਰਸ਼ਨ ਦੇ ਸਾਕੇ ਵਿਚ ਢਾਲਣ ਦਾ ਜਤਨ ਕੀਤਾ ਗਇਆ। ਆਤਮਾ, ਬ੍ਰਹਮ, ਅਰ ਜਗਤ ਦੇ ਤਤਵ-ਸਰੂਪ ਦੀ ਵਿਆਖਿਆ ਕੀਤੀ ਗਈ। ਵੇਦਕ-ਯੁਗ ਦੇ ਆਰੀਆ ਦਾ 'ਬ੍ਰਹਮਣ' ਉਪਨਿਸ਼ਦ-ਕਾਲ ਦੇ ਦਾਰਸ਼ਨਿਕ ਕੋਲੋਂ ਭਿੱਨ ਹੈ। ਵੇਦਕ-ਕਾਲ ਦਾ ਬ੍ਰਹਮਣ 'ਸਗੁਣ' ਹੈ; ਉਪਨਿਸ਼ਦ-ਕਾਲ ਦਾ 'ਨਿਰਗੁਣ'। ਵੇਦਕ-ਕਾਲ ਦਾ 'ਬ੍ਰਹਮਣ' ਬਾਹਰੀ ਸੱਤਾ ਦਾ ਹੀ ਇਕ ਯਥਾਰਥ ਸੀ; ਜਿਸ ਦੀਆਂ ਖੁਸ਼ੀਆਂ ਦੀ ਪ੍ਰਾਪਤੀ, ਪਦਾਰਥਕ ਪਰਿਸ਼ਰਮ, ਦ੍ਵਾਰਾ ਹੀ ਸੰਭਵ ਹੋ ਸਕਦੀ ਸੀ।

ਦੂਜੇ ਸ਼ਬਦਾਂ ਵਿਚ ਵੇਦਕ 'ਬ੍ਰਹਮਣ' ਜ਼ਿੰਦਗੀ ਦਾ ਸੁਆਦ ਮਾਣਦਾ ਸੀ; ਖਾਂਦਾ, ਪੀਂਦਾ ਤੇ ਨਚਦਾ ਸੀ। ਇਸ ਦੇ ਉਲਟ, ਉਪਨਿਸ਼ਦ ਦਾ 'ਬ੍ਰਹਮਣ' ਇੰਦਰੀਆਂ ਅਰ ਗਿਆਨ ਤੋਂ ਵੀ ਦੂਰ ਸੀ। ਉਸ ਵਿਚ ਨਾ ਕੋਈ ਭਾਵਨਾ ਸੀ; ਨਾ ਕੋਈ ਅਨੁਭੂਤੀ। ਸਗੋਂ ਖਾਣ-ਪੀਣ ਅਰ ਨਚਣ ਦੀ ਵੀ ਉਸ ਨੂੰ ਮਨਾਹੀ ਸੀ।* ਆਦੀ-ਕਾਲ ਦੀਆਂ ਪੁਰਾਣਿਕ-ਕਥਾਵਾਂ ਨਾਲ ਵੀ ਉਪਨਿਸ਼ਦ-ਕਾਲ ਦੇ ਦਾਰਸ਼ਨਿਕ ਦਾ ਸਲੂਕ ਆਦੀ-ਯੁਗ ਵਰਗਾ ਨਹੀਂ ਰਹਿਆ; ਸਗੋਂ, ਉਹ ਕਥਾਵਾਂ ਵੀ ਧਰਮ ਦੇ ਰੰਗ ਵਿਚ ਰੰਗ ਦਿਤੀਆਂ ਗਈਆਂ। ਪਹਿਲੋਂ ਦੀ ਆਪਣੀ ਰੋਚਕਤਾ ਨੂੰ ਛੱਡ ਕੇ ਹੁਣ ਕਥਾਵਾਂ ਜੜ੍ਹ ਅਰ ਖੁਸ਼ਕ ਜੇਹੀਆਂ ਬਣ ਕੇ ਰਹਿ ਗਈਆਂ। ਰੋਜ਼ ਮਰ੍ਹਾ ਜ਼ਿੰਦਗੀ ਵਿਚ ਹੁਣ ਉਨ੍ਹਾਂ ਦੀ ਕੋਈ ਲੋੜ ਨਾ ਰਹੀ। ਕਾਡਵੈਲ ਦੇ ਅਨੁਸਾਰ, ਇਨ੍ਹਾਂ ਪੁਰਾਣਿਕ-ਕਥਾਵਾਂ, ਦਾ ਅੰਤ. ਮੁਢਲੀ ਸ਼੍ਰੇਣੀ-ਹੀਨ (ਗ਼ੈਰ ਤਬਕਾਤੀ) ਸਮਾਜ ਦੇ ਅੰਤ ਦਾ ਸੂਚਕ ਹੈ। ()

ਇਸ ਤਰ੍ਹਾਂ ਆਦੀ-ਯੁਗ ਦੇ ਸਮਾਜ ਦੀ ਉਹ ਪਹਿਲੀ, ਸਾਮੂਹਿਕ ਇਕਰੂਪਤਾ ਸਦਾ ਲਈ ਕਾਇਮ ਨਾ ਰਹੀ। ਸਮਾਜ ਦੇ ਅੰਤਰ, ਪ੍ਰਕ੍ਰਿਤੀ ਦੇ ਪੈਰ ਪਏ, ਤਾਂ ਇਨਸਾਨ-ਇਨਸਾਨ ਵਿਚਕਾਰ ਝਗੜਾ ਸ਼ੁਰੂ ਹੋ ਗਇਆ। ਇਹ ਝਗੜਾ ਕੋਈ ਸਾਧਾਰਨ ਝਗੜਾ ਨਹੀਂ ਸੀ; ਸਗੋਂ ਉਜੇਹਾ ਝਗੜਾ ਤਾਂ ਪਹਿਲੋਂ ਕਦੀ ਹੋਇਆ ਹੀ ਨਹੀਂ ਸੀ। ਇਸ ਤੋਂ ਪਹਿਲੋਂ ਵੀ ਕਬੀਲੇ ਆਪਸ ਵਿਚ ਲੜਦੇ ਸਨ। ਇਕ ਦੂਜੇ ਤੇ ਹਮਲਾ ਕਰਦੇ ਸਨ; ਮਰਦੇ-ਮਾਰਦੇ ਸਨ; ਪਰ ਮਨੁਖੀ ਸਮਾਜ ਅੰਦਰ ਇਹੋ ਜੇਹਾ ਆਪਸੀ ਸ਼੍ਰੇਣੀ-ਬੋਲ (ਵਰਗ-ਸੰਘਰਸ਼) ਆਪਣੀ ਕਿਸਮ ਦਾ ਬਿਲਕੁਲ ਨਵਾਂ ਹੀ ਘੋਲ ਸੀ। ਪ੍ਰਕ੍ਰਿਤੀ ਦੇ ਇਕ ਡੂੰਘੇ-ਸੰਬੰਧ ਨੇ ਅਖੰਡ ਮਨੁਖਤਾ ਵਿਚਕਾਰ ਫੁਟ ਪਾ ਦਿਤੀ। ਨਤੀਜਾ ਇਹ ਹੋਇਆ ਕਿ ਪ੍ਰਕ੍ਰਿਤੀ ਨਾਲ ਮਨੁਖ ਦੀ ਲੜਾਈ, ਤਾਂ ਮਾਮੂਲੀ ਜੇਹੀ ਗਲ ਰਹਿ ਗਈ, ਤੇ ਵਡੀ ਸਮਸਿਆ ਬਣ ਗਈ, ਮਨੁਖ ਦੀ ਮਨੁਖ ਨਾਲ ਹੀ ਦੁਸ਼ਮਣੀ। ਪੀੜ੍ਹੀਆਂ ਦੇ ਅਨੁਭਵ, ਅਕਲ-ਮੰਦੀ, ਅਰ ਉਜ਼ਾਰਾਂ ਦੇ ਵਿਕਾਸ ਦੀ ਹੋਂਦ ਨਾਲ, ਇਨਸਾਨ, ਪ੍ਰਕ੍ਰਿਤੀ ਕੋਲੋਂ ਜ਼ਬਰਦਸਤੀ ਵਸੂਲੀ ਕਰਣੀ ਸਿਖ ਗਇਆ ਸੀ। ਜਿਵੇਂ ਜਿਵੇਂ ਇਨਸਾਨ ਨੇ ਪ੍ਰਕਿਰਤੀ ਨੂੰ ਟੁੰਬਣਾ ਸ਼ੁਰੂ ਕੀਤਾ; ਧਰਤੀ ਦੀ ਛਾਤੀ ਤੇ ਜਿਵੇਂ ਜਿਵੇਂ ਹਲ ਦੀ ਨੋਕ ਨਾਲ ਵਧੇਰੇ ਡੂੰਘੇ ਘਾਉ ਪੱਛ ਲਗਾਏ, ਤਿਵੇਂ ਤਿਵੇਂ ਪ੍ਰਕ੍ਰਿਤੀ ਨੇ ਵਧੇਰੇ ਦਿਆਲ ਹੋ ਕੇ ਇਨਸਾਨ ਦੀ ਝੋਲੀ ਅੱਨ ਨਾਲ ਭਰ ਦਿਤੀ। ਇਨਸਾਨ ਨੇ ਹਥ ਵਿਚ ਲੋਹੇ ਦਾ ਚਉ ਕੀ ਆਇਆ,

---

* India—by S. A. Dange—P. 58.

() Illusion and Reality by Christopher, Caudwell—P.32.

ਬਸ ਪ੍ਰਕ੍ਰਿਤੀ ਨੂੰ ਹੀ ਜਿਵੇਂ ਉਸ ਨੇ ਗੁਟ ਤੋਂ ਪਕੜਕੇ ਕਾਬੂ 'ਚ ਕਰ ਲਇਆ। ਬੈਲਾਂ ਦੇ ਨਕ ਵਿਚ ਇਨਸਾਨ ਨੇ ਨਕੇਲ ਕੀ ਪਾਈ; ਪ੍ਰਕ੍ਰਿਤੀ ਨੂੰ ਹੀ ਜਿਵੇਂ ਉਸ ਨੇ ਲਗਾਮ ਦੇ ਕੇ ਆਪਣੇ ਕਬਜ਼ੇ 'ਚ ਕਰ ਲਇਆ । ਪ੍ਰਕ੍ਰਿਤੀ ਤੇ ਇਨਸਾਨ ਨੇ ਪੂਰੀ ਤਰ੍ਹਾਂ ਫਤੇਹ ਪਾ ਲੀਤੀ; ਉਸ ਦੀ ਇਸ ਫਤੇਹ ਦਾ ਨਤੀਜਾ, ਇਨਸਾਨ ਦੀ ਆਪਣੀ ਹਾਰ ਦੇ ਰੂਪ 'ਚ ਪ੍ਰਗਟ ਹੋਇਆ—ਇਨਸਾਨ-ਇਨਸਾਨ ਦਾ ਮਾਲਿਕ ਬਣ ਗਇਆ—ਇਨਸਾਨ-ਇਨਸਾਨ ਦਾ ਗੁਲਾਮ ਹੋ ਗਇਆ। ਪੁਸ਼ਤਾਂ ਦੇ ਤਜਰਬੇ ਦੇ ਫਲ-ਸ੍ਰੂਪ, ਇਨਸਾਨ ਦੀ ਅਕਲ ਦਾ ਵਿਕਾਸ ਹੁੰਦਾ ਰਿਹਾ। ਪਹਿਲੇ-ਯੁਗ ਵਿਚ ਪਸ਼ੁਆਂ ਨੂੰ ਮਾਰ ਕੇ ਪੇਟ ਭਰਨ ਵਾਲਾ ਇਨਸਾਨ, ਹੁਣ ਪਸ਼ੂਆਂ ਦੀ ਰਖਿਆ ਕਰਨ ਲਗ ਪਇਆ; ਕਿਉਂ ਜੋ ਪਸ਼ੂ ਉਸ ਨੂੰ ਖੇਤੀ ਦੇ ਕੰਮ ਵਿਚ ਮਦਦ ਦੇਂਦੇ ਸਨ। ਪਸ਼ੂਆਂ ਨੂੰ ਮਾਰਨ ਦੀ ਬਜਾਇ ਉਨ੍ਹਾਂ ਨੂੰ ਚਰਾ ਕੇ ਵਧੇਰੇ ਨਰੋਏ ਰਖਣ ਵਿਚ ਹੀ ਉਸ ਦਾ ਫਾਇਦਾ ਸੀ। ਪਹਿਲੋਂ ਲੜਾਈ ਵਿਚ ਜਿਤੇ ਹੋਏ ਗੁਲਾਮਾਂ ਨੂੰ ਜੇਤੂ ਇਨਸਾਨ ਜਾਨੋਂ ਮਾਰ ਦੇਂਦਾ ਸੀ; ਕਿਉਂ ਜੋ ਉਨ੍ਹਾਂ ਨੂੰ ਜਿਊਂਦਾ ਰਖ ਕੇ ਉਨ੍ਹਾਂ ਤੋਂ ਕੋਈ ਲਾਭ ਨਹੀਂ ਸੀ; ਪਰ ਪ੍ਰਕ੍ਰਿਤੀ ਦੇ ਖਜ਼ਾਨਿਆਂ ਤੋਂ ਵਧੇਰੇ ਵਸੂਲੀ ਹੋਣ ਦੇ ਲਾਲਚ ਨੇ ਗੁਲਾਮਾਂ ਦੀ ਜਾਨ ਬਚਾ ਲਈ। ਹੁਣ ਗੁਲਾਮ ਉਤੇ ਆਪਣੇ ਕੋਲੋਂ ਖਰਚ ਕਰਨ ਦੀ ਥਾਂ ਉਸ ਦੀ ਮੇਹਨਤ ਦੁਆਰਾਂ ਮਾਲਿਕ ਨੂੰ ਵਧੇਰੇ ਲਾਭ ਹੋਣ ਲਗ ਪਇਆ। ਮਾਲਿਕ ਨੇ ਇਹ ਮਹਿਸੂਸ ਕਰ ਲੀਤਾ ਕਿ ਗੁਲਾਮ ਦੀ ਮੇਹਨਤ ਦੇ ਬਲ-ਤੇ ਉਹ ਆਪ ਆਰਾਮ ਦੀ ਜ਼ਿੰਦਗੀ ਗੁਜ਼ਾਰ ਸਕਦਾ ਹੈ। ਪਰੰਤੂ ਆਰਾਮ ਦੀ ਜ਼ਿੰਦਗੀ ਗੁਜ਼ਾਰਨ ਲਈ ਆਪਸ ਵਿਚ ਵਡੇ ਯੁਧ ਕਰਨੇ ਪੈਂਦੇ ਹਨ। ਇਹੋ ਕਾਰਣ ਹੈ ਕਿ ਸਰੀਰਕ ਤਾਕਤ, ਬੀਰਤਾ, ਭੁਜਾਬਲ, ਸੂਰਬੀਰਤਾ, ਯੁਧ-ਕਲਾ, ਹਥਿਆਰ ਚਲਾਉਣ ਦੀ ਵਿਦਿਆ ਆਦੀ ਹੀ ਉਸ ਸਮੇਂ ਜ਼ਿੰਦਾ ਰਹਿਣ ਵਾਸਤੇ ਵਡੀਆਂ ਤਾਕਤਾਂ ਸਮਝੀਆਂ ਜਾਂਦੀਆਂ ਸਨ। ਜੇਹੜਾ ਇਨਸਾਨ ਸੂਰਬੀਰ ਹੈ। ਓਹੋ ਹੀ ਧਰਤੀ ਨੂੰ ਭੋਗ ਸਕਦਾ ਹੈ। ਕਮਜ਼ੋਰ ਤੇ ਬੁਜ਼ਦਿਲਾਂ ਨੂੰ ਗੁਲਾਮ ਬਣਾ ਲਇਆ ਜਾਂਦਾ ਹੈ। ਔਜ਼ਾਰ-ਹਥਿਆਰ, ਆਪਣੇ ਆਪ ਤਾਂ ਕੁਝ ਉਤਪਨ ਕਰਨੋ ਰਹੇ। ਉਨ੍ਹਾਂ ਨੂੰ ਇਸਤੇਮਾਲ ਕਰਨ ਲਈ ਉਨ੍ਹਾਂ ਦੁਆਰਾ ਅੱਨ ਪੈਦਾ ਕਰਨ ਲਈ ਆਦਮੀ ਚਾਹੀਦੇ ਹਨ। ਅਜੇਹੇ ਆਦਮੀ ਜੋ ਔਜ਼ਾਰਾਂ ਦੀ ਹੀ ਤਰ੍ਹਾਂ ਮਾਲਿਕ ਦੀ ਨਿਜੀ ਸਮਪਤੀ ਹੋਣ। ਇਹੋ ਕਾਰਨ ਹੈ ਕਿ ਵਿਅਕਤੀ-ਗਤ ਸੂਰਬੀਰਤਾ ਉਸ ਕਾਲ ਦੀ ਵਿਸ਼ੇਸ਼ ਮਾਨਤਾ ਸਮਝੀ ਜਾਂਦੀ ਹੈ। ਅਰ ਉਸ ਕਾਲ ਦੀ ਕਵਿਤਾ ਵੀ ਆਪਣੇ ਸਮੇਂ ਦੀ ਇਸ ਮਾਨਤਾ ਨੂੰ ਸਵੀਕਾਰ ਕਰਦੀ ਹੈ। ਇਨਸਾਨ ਜਦੋਂ ਆਪ ਹੀ ਬੀਰ-ਪੂਜਾ ਕਰਨ ਲਗ ਪਇਆ ਤਾਂ ਕਵਿਤਾ ਵੀ ਬੀਰ-ਭਾਵਨਾ ਨੂੰ ਅਭਿਵਿਅਕਤ ਕਰਨ ਲੱਗ ਪਈ । ਗੁਲਾਮ ਜਾਂ ਦਾਸ-ਯੁਗ ਦੀ ਕਵਿਤਾ, ਬੀਰ-ਨਾਇਕ ਦਾ ਰੱਜ ਕੇ ਬਖਾਣ ਕਰਦੀ ਹੈ! ਬੀਰਤਾ, ਅਰ ਪ੍ਰਾਕਰਮ ਦੇ ਗੁਣਾਂ ਦਾ ਵਰਣਨ ਕਰਨਾ, ਉਸ ਸਮੇਂ ਦੀ ਕਵਿਤਾ ਦੀ ਸਭ ਤੋਂ ਵੱਡੀ ਜ਼ਿਮੇਵਾਰੀ ਬਣ ਜਾਂਦੀ

ਹੈ । ਅਜੇਹੀ ਸਮਿਅਕ ਜ਼ਿਮੇਦਾਰੀ ਦਾ ਹੀ ਸਿੱਟਾ ਹੈ—ਮਹਾ ਕਾਵਿ ਦੀ ਰਚਨਾ । ਆਦੀ-ਯੁਗ ਦੇ ਸ਼੍ਰੇਣੀ-ਹੀਨ (ਗ਼ੈਰ-ਤਬਕਾਤੀ) ਸਮਾਜ ਅਰ ਦਾਸ-ਯੁਗ ਦੇ ਵਿਚਕਾਰਲ ਸਮੇਂ ਵਿਚ ਹੀ ਮਹਾਂ ਕਾਵਿ ਰਚੇ ਗਏ ਹਨ ਜਿਨ੍ਹਾਂ ਦੇ ਚਰਿਤਰ-ਨਾਇਕ ਜਾਂ ਤਾਂ ਅਵਤਾਰ ਹੁੰਦੇ ਸਨ, ਜਾਂ ਮਹਾਂ ਪੁਰਸ਼ । ਆਦੀ-ਕਾਲ ਦੇ ਸਮੂਹਿਕ ਗੀਤ ਮਹਾ ਕਾਵਿ ਦੇ ਰਾਹੀਂ, ਅਭਿਵਿਅਕਤੀ ਨੂੰ ਪ੍ਰਾਪਤ ਹੁੰਦੇ ਹਨ । ਮਹਾ ਕਾਵਿ ਵਿਚ ਵਰਣਿਤ-ਕਥਾ ਦਾ ਰੂਪ ਤਾਂ ਸਮੂਹਕ ਹੀ ਹੁੰਦਾ ਹੈ, ਪਰ ਉਸ ਵਿਚ ਇਕ ਵਿਅਕਤੀ ਦੇ ਮਾਧਿਅਮ ਨਾਲ ਸਮੂਹਕ ਕਰਤਵ ਦੀ ਅਭਿਵਿਅਕਤੀ ਹੁੰਦੀ ਹੈ । ਮਹਾਕਾਵਿ ਦਾ ਲੋਕ-ਨਾਇਕ, ਆਪਣੀ ਨਿਜੀ ਬੀਰਤਾ ਦਾ ਪ੍ਰਦਰਸ਼ਨ ਕਰਦਾ ਹੋਇਆ ਵੀ, ਹਰ ਵੇਲੇ, ਸਮੂਹਕ-ਪ੍ਰਤੀਨਿਧਤਾ ਦੀ ਜ਼ਿਮੇਦਾਰੀ ਵਿਚ ਬੱਧਾ ਹੁੰਦਾ ਹੈ । ਬੀਰ-ਯੁਗ ਦੀਆਂ ਦੰਦ-ਕਥਾਵਾਂ, ਹੀ ਮਹਾ ਕਾਵਿ ਦਾ ਰੂਪ ਧਾਰਣ ਕਰ ਲੈਂਦੀਆਂ ਹਨ । ਕਵਿਤਾ ਵਿਚ ਕਿਸੇ ਸਮੂਹਿਕ ਕਥਾ ਨੇ ਪ੍ਰਵੇਸ਼ ਕੀਤਾ ਤੇ ਉਹ ਮਹਾ ਕਾਵਿ ਦੇ ਰੂਪ ਵਿਚ ਬਦਲ ਗਈ । ਨਾਚ ਵਿਚ ਕਥਾ ਨੇ ਪ੍ਰਵੇਸ਼ ਕੀਤਾ ਤਾਂ ਉਸ ਨੇ ਨਾਟਕ ਦਾ ਰੂਪ ਧਾਰਣ ਕਰ ਲਇਆ । ਲੋਕ-ਕਵਿਤਾ ਵਿਚ ਤਾਂ ਨਿਰਤ ਸੰਗੀਤ ਇਨ੍ਹਾਂ ਤਿੰਨਾਂ ਦੀ ਅਭਿਵਿਅਕਤੀ ਅਜ ਤੀਕਰ ਮੌਜੂਦ ਹੈ । ਪਰ ਮਹਾ ਕਾਵਿ ਦੇ ਸਾਮੂਹਿਕ ਗਾਉਣ ਤੋਂ ਨਾਚ ਅਰ ਸੰਗੀਤ ਕੁਝ ਕੁਝ ਪਿਛੇ ਹਟਦੇ ਰਹਿੰਦੇ ਹਨ । ਮਹਾ ਕਾਵਿ ਦਾ ਵਿਸ਼ਾ ਤਾਂ ਸਮੂਹਕ ਕਥਾ ਹੀ ਰਹਿੰਦੀ ਹੈ; ਅਰ ਉਸ ਦਾ ਰੂਪ ਵੀ 'ਕਾਵਿ' ਹੀ ਰਹਿੰਦਾ ਹੈ । ਅਰ ਇਸੇ ਤਰ੍ਹਾਂ ਸ਼ੁਰੂ ਸ਼ੁਰੂ ਦੇ ਨਾਟਕ ਵਿਚ ਵੀ ਵਿਸ਼ਯ-ਵਸਤੂ ਦਾ ਨਿਰਮਾਣ ਸਾਮੂਹਿਕ-ਕਥਾ ਦੁਆਰਾ ਹੀ ਹੁੰਦਾ ਹੈ, ਪਰ ਉਸ ਦੇ ਰੂਪ-ਤੱਤ੍ਵ ਦੀ ਪੂਰਨਤਾ, ਸੰਗੀਤ, ਕਵਿਤਾ ਅਰ ਨਾਚ ਦੇ ਮੇਲ ਨਾਲ ਹੀ ਪ੍ਰਾਪਤ ਹੁੰਦੀ ਹੈ ।

ਦਾਸ-ਸਮਾਜ ਅੰਦਰ, ਜਦ ਇਕ ਇਹੋ ਜਿਹੀ ਵਰਗ-ਵਿਵਸਥਾ ਕਾਇਮ ਹੋ ਗਈ ਕਿ ਕਬਜ਼ਾਏ ਹੋਏ ਜਾਂ ਜਿਤ ਕੇ ਕਾਬੂ 'ਚ ਕੀਤੇ ਹੋਏ ਗੁਲਾਮਾਂ ਦੀ ਮਿਹਨਤ ਦੇ ਆਸਰੇ ਤੇ ਮਾਲਿਕ ਬਿਨਾਂ ਮਿਹਨਤ ਕੀਤੇ ਵੀ ਆਰਾਮ ਨਾਲ ਜ਼ਿੰਦਾ ਰਹਿ ਸਕਦਾ ਹੈ ਤਾਂ ਇਸ ਆਰਾਮ ਦੀ ਜ਼ਿੰਦਗੀ ਨੂੰ ਗੁਜ਼ਾਰਣ ਲਈ ਜਾਂ ਦੂਸਰੇ ਸ਼ਬਦਾਂ ਵਿਚ ਵਿਹਲੇ ਸਮੇਂ ਨੂੰ ਗੁਜ਼ਾਰਨ ਲਈ ਕਿਸੇ ਇਕ ਕਲਾ-ਵਿਸ਼ੇਸ਼ ਵਿਚ ਪੂਰੀ ਤਰ੍ਹਾਂ ਮਾਹਿਰ ਹੋਣਾ ਪੈਂਦਾ ਹੈ । —ਤੇ ਉਹ ਕਲਾ ਹੈ ਗੁਲਾਮਾਂ ਨੂੰ ਅਧਿਕਾਰ ਵਿਚ ਰਖਣ ਦੀ ਸ਼ਕਤੀ । ਇਸ ਕਲਾ ਵਿਚ ਮਾਹਰ ਹੋਣ ਨਾਲ ਉਸ ਕਾਲ ਦੀ ਸਮਿਅਕ-ਜੀਵਨ ਲੋੜਾਂ ਨੂੰ ਪੂਰਾ ਕੀਤਾ ਜਾ ਸਕਦਾ ਹੈ । ਗੁਲਾਮ ਦੇ ਸਰੀਰ ਤੋਂ ਬਿਨਾਂ ਉਸ ਦੇ ਧਰਮ ਅਤੇ ਉਸ ਦੀ ਕਲਾ ਨੂੰ ਵੀ ਮਾਲਿਕ ਆਪਣੇ ਅਧਿਕਾਰ ਵਿਚ ਲੈ ਲੈਂਦਾ ਹੈ । ਅਜਿਹੀ ਸਥਿਤੀ ਵਿਚ ਧਰਮ ਅਤੇ ਕਲਾ ਦਾ ਉਦੇਸ਼ ਰਹਿ ਜਾਂਦਾ ਹੈ— ਸਿਰਫ ਮਾਲਿਕ ਦੇ ਆਦੇਸ਼ ਦਾ ਪਾਲਣ ਕਰਨਾ । ਮਾਲਿਕ ਆਪ ਮਿਹਨਤ ਤੋਂ ਦੂਰ ਰਹਿੰਦਾ ਹੈ । ਅਧਿਕਾਰ ਵਿਚ ਕੀਤੀ ਹੋਈ ਕਵਿਤਾ ਅਰ ਧਰਮ ਵੀ ਮਿਹਨਤ ਤੋਂ ਅਰ

ਮੇਹਨਤ ਕਰਣ ਵਾਲਿਆਂ ਤੋਂ ਦੂਰ ਰਹਿੰਦੇ ਹਨ । ਸਗੋਂ ਆਪਣੇ ਆਪ ਨੂੰ ਕੇਵਲ ਆਰਾਮ ਅਰ ਵਿਨੋਦ ਜਾਂ ਤਫ਼ਰੀਹ ਦੀ ਸਮਗ੍ਰੀ ਦੇ ਰੂਪ ਵਿਚ ਹੀ ਲੀਨ ਕਰ ਦਿੰਦੇ ਹਨ । ਆਦੀ ਸਮਾਜ ਦੀ ਸਾਮੂਹਿਕ ਇਕ-ਰੂਪਤਾ ਦੇ ਨਸ਼ਟ ਹੋ ਜਾਣ ਨਾਲ ਹੀ ਕਵਿਤਾ ਵੀ ਦੋ ਹਿੱਸਿਆਂ ਵਿਚ ਖਿਲਰ ਜਾਂਦੀ ਹੈ ਤੇ ਲੋਕ-ਗੀਤ ਅਰ ਕਵਿਤਾ ਨੂੰ ਵੱਖ ਕਰਕੇ ਸੱਦਣਾ ਜ਼ਰੂਰੀ ਹੋ ਜਾਂਦਾ ਹੈ। ਲੁੱਟੇ ਜਾਣ ਵਾਲੇ ਅਰ ਮਿਹਨਤ ਕਰਣ ਵਾਲੇ ਤਬਕੇ ਦਾ ਜੋ ਸਾਹਿਤ ਹੈ— ਇਹ ਲੋਕ-ਸਾਹਿਤ ਅਖਵਾਂਦਾ ਹੈ। ਇਸ ਦੇ ਬਿਨਾਂ ਜੋ ਸਾਹਿਤ ਆਰਾਮ, ਤਫ਼ਰੀਹ ਅਰ ਚਿੰਤਨ ਤੋਂ ਉਤਪੰਨ ਹੁੰਦਾ ਹੈ, ਉਹ ਉਸ ਤੋਂ ਬਿਲਕੁਲ ਵਧੇਰੇ ਤਬਕੇ ਦਾ ਹੈ। ਸ਼ਾਸਤ੍ਰਾਂ-ਦੁਆਰਾ, ਨਿਯਮ-ਬੱਧ ਹੋਣ ਕਾਰਣ ਉਸ ਨੂੰ ਸ਼ਾਸਤਰੀਯ-ਸਾਹਿਤ ਦੀ ਸੰਗਿਆ ਦਿਤੀ ਜਾਂਦੀ ਹੈ।

ਮੁਢਲੀ ਗ਼ੈਰ-ਤਬਕਾਤੀ ਸਮਾਜ ਵਿਚ ਕਵਿਤਾ, ਦੇਵ-ਮਾਲਾਵਾਂ, ਧਰਮ, ਮੰਤਰ, ਜਾਦੂ-ਟੂਣੇ, ਨਾਚ, ਸੰਗੀਤ ਆਦਿ ਸਭ ਇਕੋ ਵਿਚ ਹੀ ਘੁਲੇ-ਮਿਲੇ ਸਨ। ਪਰ ਤਬਕਿਆਂ ਵਿਚ ਵੰਡੇ ਹੋਏ ਸਮਾਜ ਵਿਚ ਧਰਮ, ਕਵਿਤਾ ਤੋਂ ਵੱਖ ਹੋ ਜਾਂਦਾ ਹੈ। ਅਰ ਇਕ ਨਿਸ਼ਚਿਤ 'ਮਤ' ਦਾ ਜੜ੍ਹ ਰੂਪ ਧਾਰ ਲੈਂਦਾ ਹੈ । ਅਸਲ ਵਿਚ ਸ਼੍ਰੇਣੀ-ਦਤ ਸਮਾਜ ਵਿਚ ਸਮੂਹ ਦੀ ਚੇਤਨਾ ਉਸ ਦੀ ਆਪਣੀ ਚੇਤਨਾ ਨਹੀਂ ਹੁੰਦੀ। ਉਸ ਦੀ ਚੇਤਨਾ ਹੁੰਦੀ ਹੈ ਮਾਲਿਕ ਤਬਕੇ ਵਲੋਂ ਉਸ ਉਤੇ ਥੋਪੀ ਹੋਈ ਇਕ ਬਾਹਰ ਦੀ ਚੀਜ਼। ਮਿਹਨਤ ਕਰਨ ਵਾਲੇ ਜਾਂ ਖੋਹੇ ਜਾਣ ਵਾਲੇ ਤਬਕੇ ਦੀ ਚੇਤਨਾ ਨੂੰ ਆਪਣੀ ਮਰਜ਼ੀ ਮੁਤਾਬਿਕ, ਆਪਣੇ ਹਿਸਾਬ ਨਾਲ ਢਾਲਣ ਦੇ ਨਿਮਿੱਤ ਸੁਆਗੀ-ਵਰਗ, ਧਰਮ ਅਰ ਸਾਹਿਤ ਕੋਲੋਂ ਕਾਫ਼ੀ ਮਦਦ ਲੈਂਦਾ ਹੈ। ਸ਼ੁਰੂ ਸ਼ੁਰੂ ਵਿਚ ਇਸ ਦਾ ਰੂਪ ਵਧੇਰੇ ਸਪਸ਼ਟ ਨਹੀਂ ਹੁੰਦਾ, ਹੌਲੀ ਹੌਲੀ ਸ਼੍ਰੇਣੀ ਘੋਲ ਦੇ ਵਧੇਰੇ ਸਪਸ਼ਟ ਹੋਣ ਨਾਲ ਉਹ ਵੀ ਵਧੇਰੇ ਸਪਸ਼ਟ ਹੋਣ ਲੱਗ ਪੈਂਦਾ ਹੈ। 'ਸਭਿਅਤਾ ਦੇ ਯੁਗ' ਵਿਚ ਪਹੁੰਚ ਕੇ ਤਬਕਾਤੀ-ਸ਼ਿਕਸ਼ਾ' ਦਾ ਇਹ ਰੂਪ ਚੜ੍ਹੇ ਸੂਰਜ ਵਾਂਗ ਸਾਫ ਸਾਫ ਨਜ਼ਰ ਆਉਣ ਲੱਗ ਪੈਂਦਾ ਹੈ । ਦਾਸ-ਯੁਗ ਦੀ ਸਾਮਿਅਕ ਪਰਿਸਥਿਤੀਆਂ ਵਿਚ ਸਰਦਾਰ, ਪੁਰੋਹਿਤ, ਗੁਲਾਮ ਅਰ ਮਾਲਿਕ ਆਦਿ ਦੇ ਰੂਪ ਵਿਚ ਸਮਾਜ ਦੇ ਅੰਦਰ ਵਿਤਕਰਾ ਪੈਦਾ ਹੋ ਜਾਣ ਨਾਲ, ਉਸ ਦੇ ਸਾਹਿਤ ਵਿਚ ਵੀ ਵੱਖਰਾ-ਪਨ ਪੈਦਾ ਹੋ ਜਾਂਦਾ ਹੈ। ਲਿਪੀ-ਬੱਧ ਭਾਸ਼ਾ ਦੀ ਅਣਹੋਂਦ ਵਿਚ, ਕੇਵਲ ਯਾਦ-ਦਾਸ਼ਤ ਦੇ ਆਸਰੇ ਚਲਦੀ ਹੋਣ ਦੇ ਕਾਰਨ, ਅਭਿਵਿਅਕਤੀ ਦਾ ਮਾਧਿਅਮ ਤਾਂ ਕਵਿਤਾ ਹੀ ਰਹਿੰਦੀ ਹੈ, ਪਰ ਸਾਮੂਹਿਕ ਵੇਦਨਾ ਦਾ ਖੇਤਰ ਥੋੜ੍ਹਾ ਬਹੁਤ ਸੀਮਿਤ ਹੋ ਜਾਂਦਾ ਹੈ। ਸਰਦਾਰ, ਪੁਰੋਹਿਤ, ਦਾਸ ਅਰ ਗੁਲਾਮ ਮਾਲਿਕ ਦੀ ਬਦਲੀ ਹੋਈ ਸੁਆਰਥ-ਭਾਵਨਾ ਅਨੁਸਾਰ ਉਸ ਦੇ ਮੁਢਲੇ-ਚਰਿਤ੍ਰ ਦਾ ਉਹ ਵਿਆਪਕ ਅਰ ਸਾਮੂਹਿਕ-ਰੂਪ ਜ਼ਰੂਰ ਹੀ ਕੁਝ ਕੁ ਸੁੰਗੜ ਜਾਂਦਾ ਹੈ। ਉਸੇ ਸੁੰਗੜੇ ਹੋਏ ਰੂਪ ਦਾ ਵੱਡਾ ਆਕਾਰ ਹੁੰਦਾ ਹੈ— 'ਮਹਾਂਕਾਵਿ' ।

ਇਹ ਕ੍ਰਮ ਚਲਦਾ ਰਹਿਆ। ਵਕਤ ਬਦਲਦਾ ਰਹਿਆ। ਵਕਤ ਦੇ ਨਾਲ ਨਾਲ ਮਾਹੌਲ ਬਦਲਿਆ, ਪਰਿਸਥਿਤੀਆਂ ਬਦਲੀਆਂ ਤੇ ਬਦਲੀਆਂ ਹੋਈਆਂ ਪਰਿਸਥਿਤੀਆਂ ਅੰਦਰ, ਦਾਸ-ਯੁਗ ਦਾ ਬੀਰ, ਪਰਾਕ੍ਰਮੀ ਸਰਦਾਰ ਰਾਜ-ਸਿੰਘਾਸਨ ਤੇ ਬੈਠ ਗਇਆ। ਹੁਣ ਆਤਮ-ਰਕਸ਼ਾ ਲਈ ਜੰਗ ਲਾਜ਼ਮੀ ਸੀ। ਇਸੇ ਲਈ ਰਾਜਾ ਦੀ ਹੋਂਦ ਵੀ ਜ਼ਰੂਰੀ ਸੀ। ਜੰਗ 'ਚ ਰੁੱਝੇ ਜਿਸ ਕਬੀਲੇ ਦਾ ਰਾਜਾ ਨਹੀਂ ਸੀ, ਉਸ ਨੂੰ ਹਾਰ ਖਾਣੀ ਪੈਂਦੀ ਸੀ। ਇਸੇ ਲਈ ਇਕ ਵਿਅਕਤੀ ਨੂੰ, ਸਮੂਹਕ-ਰਕਸ਼ਾ ਅਰ ਫ਼ੌਜੀ ਸਿਖਿਆ ਸੰਚਾਲਨ ਦੀ ਜ਼ਿਮੇਦਾਰੀ ਸੁਪਰਦ ਕਰਨਾ ਬਹੁਤ ਜ਼ਰੂਰੀ ਹੋ ਗਇਆ। ਸਾਮੂਹਿਕ ਸ਼ਕਤੀ, ਸਮੂਹਕ ਬਲ, ਸਾਮੂਹਿਕ ਸੰਪਤੀ ਨੂੰ ਇਕ 'ਵਿਅਕਤੀ' ਦੇ ਹਵਾਲੇ ਕਰ ਦੇਣਾ ਪਇਆ। ਸਮੂਹਕ ਰਕਸ਼ਾ ਅਰ ਫ਼ੌਜ ਦਾ ਖ਼ਰਚ ਚਲਾਉਣ ਲਈ ਪਰਜਾ ਰਾਜਾ ਨੂੰ 'ਕਰ' ਦੇਂਦੀ ਸੀ। ਧਰਤੀ ਦੀ ਪੈਦਾਵਾਰ ਦਾ ਇਕ ਨਿਸ਼ਚਿਤ-ਭਾਗ, ਰਾਜਾ ਦੇ ਸੁਪੁਰਦ ਕਰਨਾ, ਸਾਮੂਹਿਕ ਕਰਤਵ ਹੋ ਗਇਆ ਸੀ। ਕਿੰਤੂ ਰਾਜ-ਪਦ ਦੇ ਬੈਠਣ ਪਿਛੋਂ 'ਵਿਅਕਤੀ' ਫੇਰ, 'ਵਿਅਕਤੀ' ਨਹੀਂ ਰਹਿਆ, ਸਗੋਂ ਉਹ ਸਮੂਹ ਤੋਂ ਵੀ ਵਧੇਰੇ ਤਾਕਤਵਰ, ਵਧੇਰੇ ਸਮਰਥ ਅਰ ਵਧੇਰੇ ਸ਼ਕਤੀ-ਸ਼ਾਲੀ ਬਣ ਗਇਆ। ਸ਼ੁਰੂ ਸ਼ੁਰੂ ਵਿਚ 'ਵਿਅਕਤੀ' ਜਦ ਸਮੂਹਕ-ਸ਼ਕਤੀ ਨੂੰ ਪ੍ਰਾਪਤ ਕਰਕੇ ਰਾਜ-ਪਦ ਤੇ ਬੈਠਿਆ—ਤਾਂ ਥੋੜਾ ਕੁ ਚਿਰ, ਉਹ ਸਮੂਹ ਦੀਆਂ ਮਾਨਤਾਵਾਂ ਦੀ ਮਰਿਯਾਦਾ ਵਿਚ ਜ਼ਰੂਰ ਸੀਮਿਤ ਰਿਹਾ, ਕਿੰਤੂ ਜਦ ਹੌਲੀ ਹੌਲੀ ਰਾਜ-ਸਤਾ 'ਵਿਅਕਤੀ' ਤੇ ਸਵਾਰ ਹੋ ਗਈ, ਤਾਂ ਫੇਰ ਉਸ ਦੇ ਰਾਜ-ਮਦ ਵਿਚ ਅਹੰਕਾਰ ਦੀ ਵੀ ਸੀਮਾ ਟੁਟ ਗਈ। ਉਹ ਆਪਣੀ ਮਨ-ਮਾਨੀ ਕਰਨ ਲਗ ਪਇਆ। ਹੁੰਦੇ ਹੁੰਦੇ ਇਕ ਸਮਾਂ ਉਹ ਆਇਆ ਜਦ ਉਸ 'ਵਿਅਕਤੀ' ਨੇ ਆਪਣੇ ਆਪ ਨੂੰ ਈਸ਼ਵਰ ਦਾ ਪ੍ਰਤੀ ਰੂਪ ਹੋਣ ਦਾ ਐਲਾਨ ਕਰ ਦਿਤਾ। ਸਾਹਿਤ-ਕਲਾ ਅਰ ਧਰਮ ਦੇ ਰਾਹੀਂ ਐਲਾਨ ਨਾਲ ਦਾ ਪ੍ਰਚਾਰ ਸ਼ੁਰੂ ਕੀਤਾ ਗਇਆ। ਸਮਾਂ ਬੀਤਦਾ ਗਇਆ ਅਤੇ ਸਮੇਂ ਦੀ ਗਤੀ ਦੇ ਨਾਲ ਨਾਲ ਇਹ ਐਲਾਨ ਲੋਕ-ਜੀਵਨ ਦੇ ਸੰਸਕਾਰਾਂ ਵਿਚ ਰਲ-ਮਿਲ ਕੇ ਉਸ ਦੀ ਚੇਤਨਾ ਦਾ ਹੀ ਇਕ ਹਿਸਾ ਬਣ ਗਇਆ। ਜਨਤਾ ਨੇ ਰਾਜ ਨੂੰ ਈਸ਼ਵਰ ਦੇ ਰੂਪ ਵਿਚ ਹੀ ਸਵੀਕਾਰ ਕਰ ਲਇਆ। ਉਸ ਦੀ ਪ੍ਰਸ਼ੰਸਾ ਕੀਤੀ ਜਾਣ ਲਗੀ; ਉਸ ਦੀ 'ਮਦਹਿ' ਵਿਚ ਕਸੀਦੇ ਲਿਖੇ ਜਾਣ ਲਗੇ। ਉਸ ਨੂੰ ਮਥੇ ਟੇਕ ਹੋਣ ਲਗੇ। ਰਾਜ ਦੇ ਦਰਸ਼ਨ ਕਰ ਲੈਣਾ ਜਨਤਾ ਦੇ ਸੁਭਾਗ ਦਾ ਸੂਚਕ ਬਣ ਗਇਆ। ਰਾਨਾ ਬਣ ਗਇਆ, ਅਰ ਮੇਹਨਤ ਦੇ ਲੋਕ-ਚੇਤਨਾ ਦੇ ਨਾਲ ਨਾਲ ਕਵਿਤਾ ਨੇ ਵੀ ਆਪਣਾ 'ਸੁਰ' ਬਦਲਿਆ, ਆਪਣਾ ਵੇਸ ਬਾਣਾ ਬਦਲਿਆ; ਆਪਣੀ ਦ੍ਰਿਸ਼ਟੀ ਬਦਲੀ। ਜਨਤਾ ਦੇ ਸੁਰ ਵਿਚ ਸੁਰ ਮਿਲਾ ਕੇ ਕਵਿਤਾ ਵੀ ਰਾਜਾ ਦੇ ਗੁਣ ਗਾਉਣ ਲਗ ਪਈ; ਰਾਜਾ ਨੂੰ ਵੰਦਨਾ ਕਰਨ ਲਗ ਪਈ। ਨਤੀਜਾ ਇਹ ਹੋਇਆ ਕਿ ਸ਼ਕਤੀ ਅਰ ਸੰਪਤੀ ਦੇ ਪੈਰਾਂ ਵਿਚ ਖੇਡਣ ਦਾ ਕਵਿਤਾ ਦਾ ਮਿਜ਼ਾਜ ਹੋ ਗਇਆ,

ਅਰ ਮੇਹਨਤ ਦੇ ਪਸੀਨੇ ਕੋਲੋਂ ਉਸ ਨੂੰ ਬੋ ਆਉਣ ਲਗ ਪਈ । ਲੋਕਾਂ ਦੇ ਹਿਸੇ ਵਿਚ ਆਈ ਥਲਾਂ ਦੀ ਰੇਤ, ਰਾਹਾਂ ਦੇ ਕੰਢੇ ਅਰ ਕੜਕਦੀ ਧੁਪ ਕੋਲੋਂ ਕਵਿਤਾ ਦੂਰ ਨੱਸਣ ਲਗ ਪਈ ਤੇ ਆਰਾਮ, ਐਸ਼-ਇਸ਼ਰਤ ਅਰ ਸਨਮਾਨ ਦੀ ਖਾਤਰ ਉਹ ਰਾਜ ਮਹਿਲਾਂ ਵਿਚ ਆ ਕੇ ਡੇਰੇ ਲਾਉਣ ਲਗ ਪਈ। ਕਵਿਤਾ ਜੇ ਹੁਣ ਰਾਜ-ਦਰਬਾਰਾਂ ਦੇ ਆਸਰੇ ਪਲਦੀ-ਵਧਦੀ-ਫੂਲਦੀ ਸੀ; ਉਸ ਨੂੰ ਆਮ ਲੋਕੀਂ (ਜਨ-ਸਾਧਾਰਣ) ਮੂਰਖ ਤੇ ਗੁਆਰ ਲੱਗਣ ਲਗੇ। ਇਕ ਉਦਾਹਰਣ ਐਥੇ ਅਨੁਚਿਤ ਨਹੀਂ ਹੋਵੇਗਾ। ਪਿੰਡ ਦੇ ਉਨਤ ਤੇ ਗੁਆਰ ਲੋਕਾਂ ਕੋਲੇ ਕ੍ਰਿਧਰੇ ਕੋਈ ਅਤਰ ਵੇਚਣ ਵਾਲਾ 'ਗੰਧੀ' ਅਤਰ ਲੈ ਕੇ ਵੇਚਣ ਆ ਜਾਂਦਾ ਹੈ ਅਤਰ ਜੇਹੀ ਵੱਡ-ਮੁਲੀ ਤੇ ਉਚੇ ਤਬਕੇ ਅਰ ਵਡੇ ਲੋਕਾਂ ਦੇ ਇਸਤੇਮਾਲ ਦੀ ਚੀਜ਼ ਦਾ ਪੇਂਡੂ ਗੁਆਰਾਂ ਕੋਲ ਕੀ ਕੰਮ। ਵੇਖ ਕੇ ਸੜ ਜਾਂਦਾ ਹੈ ਰਾਜ-ਦਰਬਾਰ ਦੇ ਆਸਰੇ ਐਸ਼ ਆਰਾਮ ਦਾ ਆਦੀ ਕਵੀ 'ਬਿਹਾਰੀ' । ਲੋਕ-ਰੁਚੀ ਦਾ ਮਜ਼ਾਕ ਉੜਾਂਦਾ ਹੋਇਆ ਉਹ ਰੱਜ ਕੇ ਲੋਕਾਂ ਨੂੰ ਵੀ ਅਤੇ ਉਸ ਅਤਰ ਵੇਚਣ ਵਾਲੇ ਨੂੰ ਕੋਸਦਾ ਹੈ—ਸਾਰੀ ਉਮਰ ਮੁੜ੍ਹਕੇ ਅਰ ਮਿਟੀ ਦੀ ਬਦਬੋ ਵਿਚ ਜੰਮੇ ਪਲੇ ਪਿੰਡ ਦੇ ਗੁਆਰ ਅਤਰ ਦੀ ਖੁਸ਼ਬੋ ਨੂੰ ਕੀ ਸਮਝ ਸਕਦੇ ਹਨ। ਇਹ ਮੂਰਖ ਤਾਂ ਅਤਰ ਨੂੰ ਹਥੇਲੀ ਤੇ ਪਾ ਕੇ ਚੱਟਦੇ ਨੇ। ਤੇ 'ਮਿੱਠਾ'-'ਮਿੱਠਾ' ਕਹਿ ਕੇ ਉਸ ਦੀ ਸਲਾਹਨਾ ਕਰਦੇ ਹਨ ਕਿਹੋ ਜੇਹੀ ਅਜੀਬ ਹੈ ਇਨ੍ਹਾਂ ਦੀ ਅਕਲ ਤੇ ਇਨ੍ਹਾਂ ਦੀ ਰੁਚੀ। ਜਿਸ ਤਰ੍ਹਾਂ ਦੇ ਗੁਆਰ ਇਹ ਆਪ ਹਨ; ਉਸੇ ਤਰ੍ਹਾਂ ਦੇ ਜਾਹਿਲ ਇਹ ਅਤਰ ਵੇਚਣ ਵਾਲਾ ਹੈ । ਪਤਾ ਨਹੀਂ ਕੀ ਸੋਚ ਕੇ, ਤੇ ਕਿਸ ਉਮੀਦ ਨਾਲ ਇਹ ਪਿੰਡ ਵਿਚ ਅਤਰ ਵੇਚਣ ਨਿਕਲਿਆ ਹੈ । ਬਿਹਾਰੀ ਦੀ ਕਵਿਤਾ ਦੀਆਂ ਇਹ ਕੁਝ ਪੰਕਤੀਆਂ ਵੇਖਣ ਯੋਗ ਹਨ :—

ਕਰਿ ਫ਼ਲੈਲ ਕੋ ਆਚਮਨ, ਮੀਠੋ ਕਹਿਤ ਸਰਾਹਿ ।
ਗੰਧੀ, ਗੰਧ ਗੁ਼ਲਾਬ ਕੋ, ਅਤਰ ਦਿਖਾਵਤ ਚਾਹਿ ?
ਕਰ ਲੈ ਸੂਧਿ ਸਰਾਹਿਕੈ, ਸਭੈ ਰਹੇ ਗਹਿ ਮੌਨ ।
ਗੰਧੀ ਗੰਧ ਗੁਲਾਬ ਕੋ, ਗੰਵਈ ਗਾਹਕ ਕੌਣ ?

ਰਾਜ-ਦਰਬਾਰਾਂ ਦੇ ਟੁਕੜਿਆਂ ਤੇ ਪਲਣ ਵਾਲੇ, ਦਰਬਾਰੀ ਹਵਾ ਵਿਚ ਸਾਹ ਲੈਣ ਵਾਲੇ 'ਮਹਾਂਕਵੀ' ਨੂੰ ਕੀ ਪਤੈ ਕਿ ਪਿੰਡ ਦੀ ਗੁਆਰ ਜਨਤਾ ਤਾਂ ਟਹਿਣੀ ਤੇ ਲੱਗੇ ਹੋਏ ਫੁਲਾਂ ਦੇ ਵਿਚਕਾਰ ਰਹਿੰਦੀ ਹੈ। ਉਹ ਤਾਂ ਸਿਰਫ ਫੁਲਾਂ ਦੀ ਖ਼ੁਸ਼ਬੋ ਨੂੰ ਹੀ ਸਮਝਦੀ ਹੈ। ਉਹ ਤਾਂ ਆਪ ਆਪਣੀ ਮੇਹਨਤ ਨਾਲ, ਆਪਣੇ ਹਥੀਂ ਫੁਲਾਂ ਨੂੰ ਜ਼ਿੰਦਗੀ ਦੇਂਦੀ ਹੈ। ਪਰ ਵੇਚਣ ਲਈ ਨਹੀਂ। ਜਿਨ੍ਹੂੰ ਫੁਲਾਂ ਦੀ ਖੁਸ਼ਬੋ ਚਾਹੀਦੀ ਹੈ ਉਹ ਆਪ ਟੁਰ ਉੱਥੇ ਆ ਜਾਏ, ਫੁਲ ਆਪਣੀ ਥਾਂ ਨਹੀਂ ਛਡ ਕੇ ਜਾਂਦੇ। ਜੇ ਕਰ ਛਡ ਵੀ ਦੇਣ ਤਾਂ ਉਨ੍ਹਾਂ ਵਿਚ ਉਹ ਤਾਜ਼ਗੀ ਨਹੀਂ ਰਹਿੰਦੀ। ਜਨਤਾ ਅਤਰ (ਅਰਥਾਤ ਕਲਾ) ਨੂੰ ਵੇਚ ਕੇ ਰੋਟੀ ਕਮਾਉਣਾ ਨਹੀਂ ਜਾਣਦੀ। ਅਤਰ

ਅਰ ਕਲਾ ਦੀ ਖਰੀਦ ਫਰੋਖਤ ਤਾਂ ਰਾਜ ਦਰਬਾਰਾਂ ਵਿਚ ਹੁੰਦੀ ਨੂੰ; ਪਿੰਡਾਂ ਵਿਚ ਨਹੀਂ। ਪਰ ਰਾਜ ਕਵੀ ਧੋਖਾ ਖਾ ਗਿਆ। ਅਤਰ (ਅਰਥਾਤ ਰਾਜ ਦੇ ਆਸਰੇ ਪਲ ਰਹੀ ਕਲਾ) ਦਾ ਬਾਜ਼ਾਰ ਵਧਾਉਣ ਲਈ ਉਹ ਪਿੰਡ ਵਿਚ ਆ ਭਟਕਿਆ। ਉਹਨੂੰ ਪਤਾ ਨਹੀਂ ਕਿ ਪਿੰਡ ਵਿਚ ਤਾਂ ਘਰੋ ਘਰੀ ਗੁਲਾਬ ਅਰ ਚਮੇਲੀ (ਲੋਕ-ਗੀਤ) ਦੇ ਫੁਲ ਮਹਿਕ ਰਹੇ ਹਨ।

ਸਾਮੰਤੀ ਖੂਹਾਂ ਵਿਚ ਜਦ ਸ਼ਕਤੀ ਸੰਪੱਤੀ ਅਰ ਅਹਿਕਾਰ ਨੂੰ 'ਹਿਅਕਤੀ' ਦੀ ਸੀਮਾਂ ਅੰਦਰ ਕੇਂਦ੍ਰਿਤ ਕਰ ਦਿਤਾ ਗਇਆ ਤਾਂ ਬਦਲੇ ਹੋਏ ਮਾਹੌਲ ਦੇ ਮੁਤਾਬਿਕ ਕਲਾ ਕਵਿਤਾ ਵੀ ਆਪਣਾ ਚਰਿਤ ਅਰ ਆਪਣੀ ਪ੍ਰਕ੍ਰਿਤੀ ਬਦਲਦੀ ਨਹੀਂ। ਜਨਤਾ ਪਾਸੋਂ ਉਹ ਬੜੀ ਤੇਜ਼ੀ ਨਾਲ ਪਰੇ ਹਟਦੀ ਗਈ। ਮੇਹਨਤ ਕਰਨ ਵਾਲੇ, ਲੋਕ-ਜੀਵਨ ਤੋਂ ਅੱਖਾਂ ਚੁਰਾ ਕੇ ਉਹ ਰਾਜ ਮਹਿਲਾਂ ਵਿਚ ਐਸ਼ ਆਰਾਮ ਕਰਨ ਲਗ ਪਈ—ਤੇ ਨਾਲ ਹੀ ਉਸ ਦੇ (ਕਵਿਤਾ ਦੇ) ਅਖੰਡ ਰਾਜ ਦੀ ਸੀਮਾਂ ਘਟਦੀ ਘਟਦੀ ਸਾਮੰਤੀ ਕਿਲੇ ਤਕ ਹੀ ਮਹਿਦੂਦ ਹੋ ਕੇ ਰਹਿ ਗਈ।

ਰਾਜ ਨੂੰ ਕਾਇਮ ਰਖਣ ਵਾਸਤੇ, ਜਾਂ ਉਸ ਦਾ ਵਿਸਤਾਰ ਕਰਨ ਵਾਸਤੇ, ਫੌਜ, ਮੰਤਰੀ, ਰਾਜ-ਕਰਮਚਾਰੀ ਅਰ ਪਰੋਹਿਤ ਆਦਿ ਰੂਪਾਂ ਵਿਚ ਸਮਾਜ ਦੇ ਅੰਤਰ ਦਾ ਵਿਤਕਰਾ ਵਧਦਾ ਰਹਿੰਦਾ ਹੈ। ਜ਼ਿੰਦਗੀ ਗੁਜ਼ਾਰਨ ਦੇ ਅਰ ਜ਼ਿੰਦਾ ਰਹਿਣ ਦੇ ਨਵੇਂ ਨਵੇਂ ਤਰੀਕੇ ਵਜੂਦ ਵਿਚ ਆਉਂਦੇ ਰਹਿੰਦੇ ਹਨ। ਅਰ ਇਸ ਦੇ ਨਤੀਜੇ ਦੇ ਤੌਰ ਤੇ ਲੋਕ-ਚੇਤਨ ਕਈ ਹਿਸਿਆਂ ਵਿਚਕਾਰ ਵੰਡੀ ਜਾਂਦੀ ਹੈ। ਵਿਅਕਤਿਗਤ ਭਾਵਨਾ ਰੋਜ਼-ਬ-ਰੋਜ਼ ਵਧੇਰੇ ਵਧਦੀ ਫੁਲਦੀ ਰਹਿੰਦੀ ਹੈ। ਵਿਅਕਤੀ-ਗਤ ਲੋੜਾਂ ਦੇ ਇਜ਼ਹਾਰ ਲਈ ਭਾਸ਼ਾ ਦਾ ਲਿਪੀ ਬਧ ਰੂਪ ਬਹੁਤ ਜ਼ਰੂਰੀ ਹੋ ਜਾਂਦਾ ਹੈ। ਲਿਪੀ ਦਾ ਰਿਵਾਜ ਵਿਅਕਤੀ-ਭਾਵਨਾ ਨੂੰ ਮੁੜ ਪ੍ਰੇਰਣਾ ਦੇਂਦਾ ਹੈ; ਉਕਸਾਂਦਾ ਹੈ। ਦੋਵੇਂ ਹੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਸਮੂਹ ਅਰ ਕੱਠ ਦਾ ਆਪਸ ਵਿਹ ਸੰਬੰਧ ਹੈ—ਇਸੇ ਤਰ੍ਹਾਂ ਵਿਅਕਤੀ ਅਰ ਲਿਪੀ ਦੀ ਦੋਵੇਂ ਇਕ ਦੂਜੇ ਦੀ ਪੂਰਤੀ ਕਰਦੇ ਹਨ; ਜਾਂ ਦੂਜੇ ਸ਼ਬਦਾਂ ਵਿਚ ਲਾਜ਼ਿਮ-ਮਲਜ਼ੂਮ ਹਨ।

ਕਵਿਤਾ ਦੀ ਸਾਮੰਤ-ਯੁਗ ਅੰਦਰ ਰੂਪ-ਰੇਖਾ ਵੀ ਬਦਲਦੀ ਹੈ। ਸਾਮੰਤ-ਯੁਗ ਦੀ ਜੀਵਨ ਆਵਸ਼ਕਤਾ ਨਾ ਹੋ ਕੇ, ਸਿਰਫ ਕੁਝ ਕੁ ਵਿਅਕਤੀਆਂ ਦੀ ਜ਼ਿੰਦਗੀ ਗੁਜ਼ਾਰਨ ਦਾ ਸਾਧਨ ਬਣ ਕੇ ਰਹਿ ਜਾਂਦੀ ਹੈ। ਅਜੇਹੀ ਅਵਸਥਾ ਵਿਚ ਉਹ ਆਪਣੀ ਮਰਜ਼ੀ, ਆਪਣੀ ਪ੍ਰੇਰਣਾ ਅਰ ਆਪਣੇ ਫੁਰਨੇ ਅਨੁਸਾਰ ਕਾਵਿ-ਰਚਨਾ ਨਹੀਂ ਕਰਦੇ। ਸਗੋਂ ਦਰਬਾਰੀ ਨਿਯਮ ਅਰ ਦਰਬਾਰੀ ਅਸੂਲ ਆਦਿ ਹੀ ਕਵੀ ਦੀ ਪ੍ਰੇਰਣਾ ਸ਼ਕਤੀ ਤੇ ਕੰਟ੍ਰੋਲ ਕਰ ਲੈਂਦੇ ਹਨ। ਸਾਮੂਹਿਕ ਸੰਮਤੀ ਦਾ ਅਧਿਕਾਰੀ ਹੋਣ ਕਰਕੇ, ਰਾਜਾ ਕੋਲ ਰੁਪਏ ਪੈਸੇ ਦੀ ਤਾਂ ਕੋਈ ਕਮੀ ਨਹੀਂ ਹੁੰਦੀ। ਪੇਟ ਦੇ ਫਿਕਰ ਦਾ ਵੀ

ਕੋਈ ਸਵਾਲ ਪੈਦਾ ਨਹੀਂ ਹੁੰਦਾ । ਪਰਦਾਰਥ ਲੋੜਾਂ ਦੀ ਪੂਰਤੀ ਲਈ ਉਸ ਨੂੰ ਕੋਈ ਚਿੰਤਾ ਨਹੀਂ ਕਰਨੀ ਪੈਂਦੀ । ਕਾਮ ਵਾਸ਼ਨਾ ਦੀ ਤ੍ਰਿਪਤੀ ਲਈ ਵੀ ਉਸ ਦੇ ਸਾਧਨ ਕਾਫ਼ੀ ਹੁੰਦੇ ਹਨ । ਹਾਂ ਕਾਮ ਵਾਸ਼ਨਾ ਦੀ ਤ੍ਰਿਪਤੀ ਲਈ ਨਿਤ ਨਵੇਂ ਅਰ ਨਵੀਆਂ ਸੂਝਾਂ ਦੀ ਨਵੀਂ ਵਨਗੀ ਹੀ ਉਸ ਦੀ ਸੋਚ ਦੀ ਪ੍ਰਮੁਖ ਸਮਸਿਆ ਬਣ ਜਾਂਦੀ ਹੈ । ਇਸ ਸਥਿਤੀ ਵਿਚ ਰਾਜਾ ਜਾਂ ਸਾਮੰਤ ਦੀ ਸੁੰਦਰਤਾ ਦੀ ਲਾਲਸਾ ਨੂੰ ਤ੍ਰਿਪਤ ਕਰਨ ਦੀ ਜ਼ਿਮੇਂਵਾਰੀ ਰਾਜ-ਦਰਬਾਰ ਦੇ ਕਲਾਕਾਰਾਂ ਤੇ ਆ ਪੈਂਦੀ ਹੈ । ਰਾਜਾ ਜਾਂ ਸਾਮੰਤ ਦੀ ਇਹ ਪ੍ਰਮੁਖ ਸਮਸਿਆ ਹੁਣ ਕਵੀ ਦੀ ਆਪਣੀ ਸਮਸਿਆ ਬਣ ਜਾਂਦੀ ਹੈ । ਆਪਣੀਆਂ ਕਵਿਤਾਵਾਂ ਵਿਚ ਕਵੀ ਹੁਣ ਤਰ੍ਹਾਂ ਤਰ੍ਹਾਂ ਨਾਲ ਇਸਤਰੀ ਦੇ ਰੂਪ ਦੀ ਤਸਵੀਰ ਖਿਚਦਾ ਹੈ । ਨਾਇਕਾ ਦੇ ਚਰਿਤਰ-ਭੇਦ ਦਾ ਅਜੀਬ ਅਬੀਬ ਤਰ੍ਹਾਂ ਇਜ਼ਹਾਰ ਕਰਦਾ ਹੈ । ਘਟੀਆ ਤੋਂ ਘਟੀਆ ਮਿਆਰ ਤੇ ਉੱਤਰ ਕੇ ਸ਼ਿੰਗਾਰ ਵਰਣਨ ਕਰਦਾ ਹੈ । ਇਸਤਰੀ ਦੇ ਜੋਬਨ, ਉਸ ਦੀ ਸੁੰਦਰਤਾ, ਅਰ ਉਸ ਦੀ ਕਾਮਿਕ-ਖਿੱਚ ਨੂੰ ਕਵਿਤਾ ਦੁਆਰਾ ਦਰਸਾਂਦਾ ਹੈ । ਨਾਰੀ ਇਸਤਰੀ ਦੇ ਅੰਗ-ਪ੍ਰਤੀ ਅੰਗਾਂ ਦੀ ਤਸ਼ਰੀਹ ਕਰਦਾ ਹੈ । ਕਦੇ ਓਸ ਦੀ ਤਾਰੀਫ਼ ਦੇ ਪੁਲ ਬੰਨ੍ਹਦਾ ਹੈ ਤੇ ਕਦੀ ਓਸ ਦੀ ਨਿੰਦਾ ਕਰਦਾ ਹੈ । ਅਜੇਹੀ ਸਥਿਤੀ ਅੰਦਰ ਕਵੀ ਇਹ ਬਿਲਕੁਲ ਭੁੱਲ ਜਾਂਦਾ ਹੈ ਕਿ ਮੰਜੋਗਾ ਅਰ ਵਿਜੋਗਾ ਦੇ ਦਾਇਰੇ ਤੋਂ ਬਾਹਰ ਵੀ ਸਮਾਜ ਦੀ ਹੋਂਦ ਹੈ ਕਿ ਨਹੀਂ । ਸਮਾਜ ਦੀਆਂ ਹੋਰ ਸਚਿਆਈਆਂ, ਸਮਾਜ ਦੇ ਅੰਦਰ ਰਹਿਣ ਵਾਲੇ ਵੱਡੀ ਸੰਖਿਆ ਦੇ ਲੋਕਾਂ ਦੇ ਹੋਰ ਵੀ ਕਾਰ-ਵਿਹਾਰ ਹੈਨ ਜਾਂ ਨਹੀਂ—ਇਸ ਦੀ ਉਹ ਕਲਪਨਾ ਵੀ ਨਹੀਂ ਕਰਦਾ । ਦਰਬਾਰੀ ਕਵਿਤਾ ਦੀ ਵਿਸ਼ੇ-ਵਸਤੂ ਵਧੇਰੇ ਕਰਕੇ ਇਸਤਰੀ ਦੇ ਸਰੀਰ ਦੁਆਲੇ ਹੀ ਚੱਕਰ ਕੱਢਦੀ ਰਹਿੰਦੀ ਹੈ । ਜੇ ਕਦੀ ਪਰੇ ਹਟਦੀ ਵੀ ਹੈ ਤਾਂ ਸਾਮੰਤ ਜਾਂ ਰਾਜਾ ਦੀ ਤਫ਼ਰੀਹ; ਅੱਯਾਸ਼ੀ ਵਡਿਆਈ, ਅਰ ਉਨ੍ਹਾਂ ਦੇ ਹੀ ਚੋਂਚਲਿਆਂ ਦੇ ਘੇਰੇ ਵਿਚ ਘੁੰਮਦੀ ਹੈ । ਸਾਮੰਤੀ-ਯੁਗ ਵਿਚ ਆਪਸੀ ਲੜਾਈ ਦਾ ਖਤਰਾ ਹਰ ਵੇਲੇ ਮੌਜੂਦ ਰਹਿੰਦਾ ਹੈ, ਇਸ ਲਈ ਵਿਅਕਤੀ ਦੀ ਬੀਰਤਾ, ਦਲੇਰੀ ਅਰ ਨਿੱਡਰਤਾ ਹੀ ਸਭ ਤੋਂ ਉਚੀਆਂ ਅਖਲਾਕੀ-ਕਦਰਾਂ ਸਮਝੀਆਂ ਜਾਂਦੀਆਂ ਹਨ । ਜੋ ਲੜਾਕਾ ਲੜਾਈ ਦੇ ਮੈਦਾਨ ਵਿਚ ਵੱਧ ਤੋਂ ਵੱਧ ਆਦਮੀਆਂ ਨੂੰ ਮਾਰ ਸਕਦਾ ਹੈ, ਓਹੋ ਹੀ ਸੂਰਮਾ ਹੈ; ਵੱਡਾ ਆਦਮੀ ਹੈ, ਹੀਰੋ ਹੈ, ਪ੍ਰਸੰਸਾ ਜੋਗਾ ਹੈ । ਸਾਮੰਤੀ-ਯੁਗ ਦੀ ਕਵਿਤਾ ਵੀ ਆਪਣੇ ਸਮੇਂ ਦੀਆਂ ਕਦਰਾਂ ਨੂੰ ਅਪਨਾਉਂਦੀ ਹੈ । ਉਨ੍ਹਾਂ ਦਾ ਪ੍ਰਚਾਰ ਵੀ ਕਰਦੀ ਹੈ ਤੇ ਸਮਰਥਨ ਵੀ । ਇਸੇ ਲਈ ਸ਼ਿੰਗਾਰ ਅਤੇ ਬੀਰ-ਰਸ ਪੂਰਨ ਦੀ 'ਬਾਤ ਦਾ ਬਤੰਗੜ' ਵਾਲੀ ਨਿਰਾਲੀ ਸੂਝ ਬੂਝ ਸਾਮੰਤੀ ਕਵਿਤਾ ਦਾ ਪ੍ਰਮੁੱਖ ਕੈਰੇਕਟਰ ਹੈ । ਅਲੰਕਾਰ ਅਰ ਗਹਿਣੇ ਆਦੀ ਸ਼ਿੰਗਾਰਕ ਉਪਾਦਾਨਾਂ ਨਾਲ ਜੇ ਕਰ ਇਸਤਰੀ ਦੇ ਰੂਪ ਅਰ ਸੁੰਦਰਤਾ ਵਿਚ ਵਾਧਾ ਹੁੰਦਾ ਹੈ ਤਾਂ ਕੋਈ ਕਾਰਨ ਨਹੀਂ ਕਿ ਕਵਿਤਾ ਵੀ ਅਲੰਕਾਰਾਂ ਦੁਆਰਾ

ਸੋਹਣੀ ਨਾ ਦਿੱਖੇ। ਕਵੀ ਦੀ ਇਹ ਅਚੇਤਨ ਸਮਝ, ਇਸੇ ਲਈ ਕਵਿਤਾ ਨੂੰ ਅਲੰਕਾਰਾਂ ਨਾਲ ਲੱਦ ਦੇਂਦੀ ਹੈ। ਕਵਿਤਾ ਜਦ ਸਾਮੂਹਿਕ ਜੀਵਨ ਅਰ ਮੇਹਨਤ ਤੋਂ ਪਰ੍ਹੇ ਹਟ ਜਾਂਦੀ ਹੈ, ਤਦੋਂ ਉਹ ਛੰਦ, ਨਿਯਮ, ਵਿਧਾਨ ਰੀਤੀ ਨੀਤੀ ਅਰ ਪਰੰਪਰਾ ਆਦੀ ਹਿਸਾਬੀ ਨਾਪ ਤੋਲਾਂ ਵਿਚ ਇਕ ਤਰ੍ਹਾਂ ਕੈਦ ਜੇਹੀ ਹੋ ਜਾਂਦੀ ਹੈ। ਜੇਹੜੀ ਕਲਾ ਜ਼ਿੰਦਗੀ ਦੀਆਂ ਲੋੜਾਂ ਤੋਂ ਅਨੁਪ੍ਰੇਰਤ ਨਹੀਂ ਹੁੰਦਾ ਓਸ ਵਿਚ ਵਿਸ਼ਿਆਂ ਦੀ ਵਿਵਿਧਤਾ ਦੀ ਘਾਟ ਰਹਿੰਦੀ ਹੈ ਅਰ ਓਸ ਦੇ ਰੂਪ-ਤੱਤਟ ਦਾ ਕੌਸ਼ਲ ਹੀ ਵਧੇਰੇ ਰਹਿ ਜਾਂਦਾ ਹੈ। ਵਿਸ਼ੇ ਅਰ ਰੂਪ ਵਿਚ ਇਕ-ਮੇਲ ਨਹੀਂ ਰਹਿੰਦਾ। ਕਲਾ ਸਿਰਫ ਮਹਾਰਤ, ਕਾਰੀਗਰੀ, ਚਤੁਰਾਈ ਅਰ ਦਾਉ-ਪੇਚਾਂ ਦੇ ਚੱਕਰ ਵਿਚ ਹੀ ਫਸ ਕੇ ਰਹਿ ਜਾਂਦੀ ਹੈ। ਖਾਲੀ-ਖੋਲੀ ਪੰਡਤਾਈ, ਅਰ ਗੈਰ-ਜ਼ਰੂਰੀ ਚਿੰਤਨ ਨਾਲ, ਕਵਿਤਾ ਦਾ ਰੂਪ ਤਾਂ ਭਾਵੇਂ ਭਾਂਤ ਭਾਂਤ ਦੀਆਂ ਸ਼ੈਲੀਆਂ ਰਾਹੀਂ ਪ੍ਰਗਟ ਹੁੰਦਾ ਰਹਿੰਦਾ ਹੈ, ਪਰ ਵਿਸ਼ੇ, ਜੜ੍ਹ, ਸਥਿਰ ਅਰ ਨਾਕਾਰਾ ਹੋ ਜਾਂਦਾ ਹੈ। ਵਿਸ਼ੇ ਦੀ ਕ੍ਰਿਆਤਮਕ ਸਾਰਥਕਤਾ ਦੁਆਰਾ ਜਦੋਂ ਤੀਕ ਆਪਣੇ ਆਪ ਹੀ ਰੂਪ ਦਾ ਨਿਰਮਾਨ ਨਹੀ ਹੁੰਦਾ, ਓਦੋਂ ਤੀਕ ਸ਼ੈਲੀ ਦੀ ਵਿਵਿਧਤਾ ਨਿਰਜੀਨ ਹੀ ਰਹਿੰਦੀ ਹੈ।

ਕਵਿਤਾ ਦੀ ਸ਼ੈਲੀ ਅਤੇ ਰੂਪ ਦੇ ਜ਼ਿਕਰ ਦੇ ਨਾਲ ਨਾਲ ਪ੍ਰਕ੍ਰਿਤੀ ਦਾ ਸੰਬੰਧ ਵੀ ਕਦੇ ਵਿਸਾਰਿਆ ਨਹੀਂ ਜਾ ਸਕਦਾ। ਸਾਮੰਤੀ-ਜੁਗ ਵਿਚ ਕਵਿਤਾ ਅਰ ਪ੍ਰਕ੍ਰਿਤੀ ਦਾ ਸੰਬੰਧ ਵੀ ਪਹਿਲੋਂ ਵਰਗਾ ਨਹੀਂ ਰਹਿ ਜਾਂਦਾ । ਪ੍ਰਕ੍ਰਿਤੀ ਦਾ ਚਿਤ੍ਰਣ ਵੀ ਬਿਗੜ ਜਾਂਦਾ ਹੈ; ਤੇ ਓਸ ਵਿਚ ਬਨਾਵਟ ਆ ਜਾਂਦੀ ਹੈ। ਸਾਮੰਤੀ ਅਥਵਾ ਰਾਜ-ਦਰਬਾਰਾਂ ਦੇ ਵਾਤਾਵਰਨ ਵਿਚ ਪਲ ਰਹੇ ਕਵੀ ਦੀ ਚੇਤਨਾ-ਦ੍ਰਿਸ਼ਟੀ, ਪ੍ਰਕ੍ਰਿਤੀ ਵਿਚ ਵੀ 'ਨਾਰੀ' ਦੀ ਭਾਲ ਕਰਨ ਲੱਗਦੀ ਹੈ। ਪ੍ਰਕ੍ਰਿਤੀ ਦੀ ਗੋਦ ਵਿਚ ਖੇਡੇ ਬਿਨਾਂ ਉਸ ਨੂੰ ਆਪਣੇ ਜੀਵਨ ਦਾ ਹੀ ਅੰਸ਼ ਮਨੇ ਬਿਨਾਂ, ਓਸ ਨੂੰ ਠੀਕ ਤਰ੍ਹਾਂ ਨਾਲ ਕਵਿਤਾ ਵਿਚ ਨਹੀਂ ਓਲੀਕਿਆ ਜਾ ਸਕਦਾ । ਇਸੇ ਲਈ ਸਾਮੰਤੀ-ਯੁਗ ਦੀ ਕਵਿਤਾ ਵਿਚ ਪ੍ਰਕ੍ਰਿਤੀ ਦੀ ਨਿਸਬਤ ਦਰਬਾਰੀ ਠਾਠ-ਬਾਟ, ਅਡੰਬਰ, ਮਹਿਲਾਂ ਦੀ ਵਡਿਆਈ ਅਤੇ ਰਾਜ-ਅਰਬਾਰਾਂ ਦਾ ਦਬਦਬਾ ਹੀ ਅੰਕਿਤ ਹੁੰਦਾ ਹੋਇਆ ਮਿਲਦਾ ਹੈ। ਦਰ ਅਸਲ ਜਿੱਥੇ ਅਰ ਜਿਸ ਨਾਲ ਵੀ ਕਵੀ ਦਾ ਪਰਤੱਖ ਸੰਪਰਕ ਹੁੰਦਾ ਹੈ, ਓਹੋ ਓਸ ਦੀ ਕਵਿਤਾ ਵਿਚ ਆਪਣੇ ਆਪ ਹੀ ਪ੍ਰਗਟ ਹੋ ਜਾਂਦਾ ਹੈ।

ਉਪਰ ਅਸੀਂ ਕਵਿਤਾ ਦੇ ਦਰਬਾਰ 'ਚ ਆਉਣ ਦੀ ਹਾਲਤ ਵੇਖੀ ਹੈ। ਪਰ ਇਹ ਦਸ਼ਾ ਇਕਲੀ ਕਵਿਤਾ ਦੀ ਹੀ ਨਹੀਂ ਸੀ। ਸਮੁੱਚੀ ਕਲਾ ਦਾ ਇਹੋ ਹਾਲ ਸੀ। ਆਰਾਮ, ਐਸ਼ ਅਰ ਠਾਠ-ਬਾਟ ਦੀ ਭਾਲ ਵਿਚ ਇਕਲੀ ਕਵਿਤਾ ਹੀ ਦਰਬਾਰ ਦੀ ਸ਼ਾਨ ਵਿਚ ਨਹੀਂ ਸੀ ਆਈ, ਸਗੋਂ ਸੰਗੀਤ ਅਰ ਨ੍ਰਿਤ (ਨਾਚ) ਵੀ

ਉਸ ਦੇ ਨਾਲ ਹੀ ਸਨ। ਪਰ ਦਰਬਾਰੀ ਮਾਹੌਲ ਦੀ ਈਰਖਾ, ਅਰ ਆਪਸੀ ਟਾਕਰਿਆਂ ਦੇ ਕਾਰਨ, ਰਾਜ-ਦਰਬਾਰ ਅੰਦਰ ਉਨ੍ਹਾਂ ਦੀ ਏਕਤਾ ਕਾਇਮ ਨਾ ਰਹਿ ਸਕੀ। ਸਾਮੰਤੀ-ਯੁਗ ਦਾ ਇਤਿਹਾਸ ਸਾਖਸ਼ੀ ਹੈ ਕਿ ਆਪਣੇ ਅਲੱਗ ਅਲੱਗ ਕਰਤਬ ਵਿਖਾ ਕੇ ਇਹ ਸਭ ਰਾਜਾਂ ਨੂੰ ਖੁਸ਼ ਕਰਨ ਦਾ ਜਤਨ ਕਰਦੇ ਜਾਪਦੇ ਹਨ। ਕਲਾ ਦੀ ਉਤਪਤੀ ਦਾ ਕੇਂਦਰ ਹੁਣ ਰਾਜਾ ਦਾ ਮਿਜ਼ਾਜ, ਹੀ ਬਣ ਕੇ ਰਹਿ ਜਾਂਦਾ ਹੈ। ਸਮੂਹਕ ਲੋੜਾਂ ਦੇ ਕਾਰਨ ਹੀ ਨਾਚ, ਸੰਗੀਤ ਅਤੇ ਕਵਿਤਾ ਵਿਚ ਇਕ-ਰੂਪਤਾ ਅਰ ਮੇਲ ਬਣਿਆ ਹੋਇਆ ਸੀ; ਕਿੰਤੂ ਇਸ ਕਾਰਨ ਦੇ ਦੂਰ ਹੋ ਜਾਣ ਨਾਲ ਉਸ ਦਾ ਪ੍ਰਭਾਵ ਵੀ ਦੂਰ ਹੋ ਜਾਂਦਾ ਹੈ। ਅਜੇਹੀ ਸਥਿਤੀ ਅੰਦਰ ਭਲਾ ਉਨ੍ਹਾਂ ਦੀ ਇਕ-ਰੂਪਤਾ ਕਿਵੇਂ ਕਾਇਮ ਰਹਿ ਸਕਦੀ ਹੈ। ਨਤੀਜਾ ਇਹ ਹੋਇਆ ਕਿ ਸੰਗੀਤ ਕਵਿਤਾ ਤੋਂ ਵਿੱਛੜ ਕੇ ਸਿਰਫ਼ ਸਾਜ਼ਾਂ ਤਕ ਸੀਮਿਤ ਰਹਿ ਜਾਂਦਾ ਹੈ ਤੇ ਸੰਗੀਤ ਅਰ ਸਾਮੂਹਿਕ ਪ੍ਰਗਟਾ ਦੀ ਅਨਹੋਂਦ ਨੂੰ ਕਵਿਤਾ ਪੂਰਾ ਕਰਦੀ ਹੈ ਬਨਾਉਟੀ ਤਰੀਕਿਆਂ ਨਾਲ। ਕਵਿਤਾ ਆਪਣੇ ਰੂਪ ਨੂੰ ਖੂਬ ਸਜ ਬਜ ਕੇ ਸੁਆਰਦੀ ਹੈ। ਨਾਚ ਵੀ ਕਵਿਤਾ ਤੋਂ ਦੂਰ ਹੋ ਕੇ ਚੁਪ ਹੋ ਰਹਿੰਦਾ ਹੈ ਇਕ ਤਰ੍ਹਾਂ ਨਾਲ ਗੁੰਗਾ ਹੋ ਜਾਂਦਾ ਹੈ। ਕਵਿਤਾ ਦਾ ਸਹਾਰਾ ਤਾਂ ਨਾਚ ਛੋੜ ਸਕਦਾ ਹੈ, ਪਰ ਸੰਗੀਤ ਤੋਂ ਬਿਨਾਂ ਤਾਂ ਉਹ ਨਿਰਾ ਅਪਾਹਜ ਹੈ। ਸੰਗੀਤ ਵਿਚ ਤਾਂ ਇਹ ਸ਼ਕਤੀ ਹੈ ਕਿ ਨਾਚ ਤੋਂ ਬਗ਼ੈਰ, ਅਕੇਲਾ ਹੀ ਆਪਣੇ ਬਲ ਤੇ ਜ਼ਿੰਦਾ ਰਹਿ ਸਕਦਾ ਹੈ, ਪਰ, ਨਾਚ, ਬਿਨਾਂ ਸੰਗੀਤ ਤੋਂ ਆਪਣੇ ਪੈਰਾਂ ਤੇ ਨਹੀਂ ਖਲੋ ਸਕਦਾ। ਸਾਜ਼ਾਂ ਦਾ ਸੰਗੀਤ; ਕਵਿਤਾ ਦੀ ਅਨਹੋਂਦ ਦਾ ਸਿਖਰ ਹੈ ਤਾਂ, ਆਧੁਨਿਕ-ਗੱਦ-ਗੀਤ, ਸੰਗੀਤ ਦੇ ਅਭਾਵ ਦਾ ਪਰਲਾ ਕੰਢਾ ਹੈ। ਇਹ ਤਿੰਨੇ ਕਲਾਵਾਂ, ਦਰਬਾਰੀ ਮਾਹੌਲ ਵਿਚ ਰਹਿ ਕੇ, ਉਸ ਦੇ ਅਨੁਕੂਲ ਸਹਿਯੋਗ ਮਿਲਣ ਨਾਲ ਆਪਣੀ ਰੂਪ-ਗਤ ਸ਼ੈਲੀ ਦੇ ਰੂਪ ਵਿਚ ਬੜੀ ਤਰੱਕੀ ਕਰਦੀਆਂ ਹਨ। ਪਰ ਲੋਕ-ਜੀਵਨ ਵਿਚ ਅਜ ਵੀ ਸੰਗੀਤ ਹੈ; ਨਾਚ ਹੈ, ਇਕ ਧਾਰਮਿਕ ਕਰਮ ਹੈ, ਹਰਸ਼-ਉੱਲਾਸ ਹੈ, ਅਤੇ ਇਕ ਲੋੜ ਹੈ। ਸਾਮੰਤ-ਕਾਲ ਦੇ ਜੀਵਨ ਵਿਚ ਵਿਵਿਧਤਾ ਏਸ ਰੂਪ ਵਿਚ ਪ੍ਰਗਟ ਨਹੀਂ ਹੁੰਦੀ, ਜਿਸ ਨਾਲ ਕਿ ਕਹਾਣੀ ਅਰ ਕਵਿਤਾ ਵਿਚਕਾਰ ਵਿਰੋਧ ਪੈਦਾ ਹੋ ਸਕੇ। ਉਦੋਂ ਕਵਿਤਾ ਅਰ ਕਹਾਣੀ ਦਾ ਆਪਸ ਵਿਚ ਮੇਲ ਸੀ। ਉਸ ਕਾਲ ਦੀਆਂ ਕਵਿਤਾਵਾਂ ਵਿਚ ਆਮ ਤੌਰ ਤੇ ਇਕ ਕਹਾਣੀ ਜ਼ਰੂਰ ਮਿਲਦੀ ਹੈ। ਦਰਅਸਲ ਕਹਾਣੀ ਵਿਸ਼ਯ-ਵਸਤੂ ਦਾ ਨਿਰਮਾਨ ਕਰਦੀ ਹੈ ਅਰ ਕਵਿਤਾ ਉਸ ਦੇ ਰੂਪ-ਤੱਤਵ ਦਾ ਨਿਰਮਾਣ ਕਰਦੀ ਹੈ।

# ਪੰਜਾਬੀ ਸਾਹਿਤ ਅਕਾਡਮੀ ਦੀਆਂ ਹੁਣ ਤਕ ਛਪੀਆਂ ਪੁਸਤਕ

## (ਤਰਤੀਬਵਾਰ)

੧. ਪੰਜਾਬ ਉਤੇ ਅੰਗਰੇਜ਼ਾਂ ਦਾ ਕਬਜ਼ਾ (ਡਾ: ਗੰਡਾ ਸਿੰਘ) ੨।)

੨. ਸੱਸੀ ਹਾਸ਼ਮ (ਪ੍ਰੋ: ਹਰਨਾਮ ਸਿੰਘ ਸ਼ਾਨ) (ਸਟਾਕ ਖਤਮ) ੭।)

੩. ਆਦਮੀ ਦੀ ਪਰਖ (ਸ: ਸ਼ਮਸ਼ੇਰ ਸਿੰਘ ਅਸ਼ੋਕ) ੧॥)

੪. ਪੰਜਾਬੀ ਭਾਸ਼ਾ ਦਾ ਇਤਿਹਾਸ (ਪ੍ਰੋ: ਵਿ. ਭਾ. ਅਰੁਣ) ੪।=)

੫. ਵਾਰ ਸ਼ਾਹ ਮੁਹੰਮਦ (ਪ੍ਰਿੰ: ਸੀਤਾ ਰਾਮ ਕੋਹਲੀ ਤੇ ਪ੍ਰੋ: ਸੇਵਾ ਸਿੰਘ ਐਮ.ਏ.) ੪`

੬. ਅਮਰ ਜੋਤੀ (ਸ੍ਰੀ ਗੁਰਾਂ ਦਿੱਤਾ ਖੰਨਾਂ) ੧`

੭. ਸ੍ਰੀ ਮਦ ਭਾਗਵਤ ਗੀਤਾ (ਸ: ਸ਼ਮਸ਼ੇਰ ਸਿੰਘ ਅਸ਼ੋਕ) ਰ

੮. ਪਰਾਰੰਭਿਕ ਅਰਥ ਵਿਗਿਆਨ (ਸ੍ਰੀ ਮਨੋਹਰ ਲਾਲ ਦਵੇਸ਼ਰ) ੬ ਰੁ:੮੦ ਨ. ਨ

੯. ਅੱਗ ਦੀ ਕਹਾਣੀ (ਸ: ਗੁਰਬਚਨ ਸਿੰਘ ਐਮ. ਏ.)

ਆਰਡਰ ਲਈ ਲਿਖੋ :–

ਜਨਰਲ ਸਕੱਤ੍ਰ, ਪੰਜਾਬੀ ਸਾਹਿੱਤ ਅਕਾਡਮੀ,

ਪਪਪ ਐਲ. ਮਾਡਲ ਟਾਊਨ, ਲੁਧਿਆਣਾ।

# ਪੰਜਾਬੀ ਸਾਹਿਤ ਅਕਾਡਮੀ ਦੀਆਂ

## ਛੱਪ ਰਹੀਆਂ ਪੁਸਤਕਾਂ :-

(ੳ) ਸੰਖਿਆ ਕੋਸ਼-
ਕ੍ਰਿਤ : ਗੁਰਬਖਸ਼ ਸਿੰਘ 'ਕੇਸਰੀ'

(ਅ) ਲੋਕ ਆਖਦੇ ਹਨ-
ਸੰਪਾਦਕ : ਵੰਜਾਰਾ ਬੇਦੀ

(ੲ) ਨੀਲੀ ਤੇ ਰਾਵੀ-
ਸੰਪਾਦਕ : ਕਰਤਾਰ ਸਿੰਘ 'ਸ਼ਮਸ਼ੇਰ'

(ਸ) ਖਾਧ ਖੁਰਾਕ ਤੇ ਪਾਲਣ ਪੋਸਣ-
ਕ੍ਰਿਤ : ਡਾ: ਕਿਸ਼ਨ ਸਿੰਘ

(ਹ) ਜੀਵਨ ਤੰਦਾਂ-
ਅਨੁਵਾਦਕ : ਡਾ: ਖੇਮ ਸਿੰਘ ਗਰੇਵਾਲ

(ਕ) ਬੁੱਧ ਜਾਤਕਾ-
ਕ੍ਰਿਤ : ਗੁਰਾਂਦਿੱਤਾ ਖੰਨਾ

(ਖ) ਪੱਛਮੀ ਆਲੋਚਨਾ ਦੀ ਪਰੰਪਰਾ ਤੇ ਸਿਧਾਂਤ
ਡਾ. ਰੋਸ਼ਨ ਲਾਲ ਆਹੂਜਾ

ਡਾ: ਸ਼ੇਰ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਮਹਿੰਦਰਾ ਆਰਟ ਪ੍ਰੈਸ, ਕਚਹਿਰੀ ਰੋਡ, ਲੁਧਿਆਣਾ ਵਿਚ ਛਾਪ ਕੇ ਦਫ਼ਤਰ 'ਆਲੋਚਨਾ' ੫੫੫ ਐਲ. ਮਾਡਲ ਟਾਊਨ, ਲੁਧਿਆਣਾ ਤੋਂ ਪਰਕਾਸ਼ਤ ਕੀਤਾ ।

## ਆਲੋਚਨਾ ਸੰਬੰਧੀ ਸੂਚਨਾਵਾਂ

੧. 'ਆਲੋਚਨਾ' ਨੂੰ ਜੂਨ, ਪ੮ ਤੋਂ ਮਾਸਕ ਪੱਤਰ ਬਣਾ ਦਿਤਾ ਗਇਆ ਹੈ। ਇਹ ਹਰ ਮਹੀਨੇ ਦੀ ਪਹਿਲੀ ਤਾਰੀਖ ਨੂੰ ਪਰਕਾਸ਼ਿਤ ਹੋ ਕੇ ਸਭ ਪ੍ਰੇਮੀਆਂ ਦੇ ਹੱਥ ਵਿਚ ਪਹੁੰਚ ਜਾਂਦਾ ਹੈ। ਪ੍ਰੇਮੀ-ਜਨ ਸੰਭਾਲ ਕਰ ਲਇਆ ਕਰਨ।

੨. ਚੰਦਾ :—'ਆਲੋਚਨਾ' ਕਿਸੇ ਨੂੰ ਨਮੂਨੇ ਵਜੋਂ ਨਹੀਂ ਭੇਜਿਆ ਜਾਂਦਾ। ਚੰਦਾ ਇਕ ਪਰਚੇ ਲਈ ਪੰਜਾਹ ਨਵੇਂ ਪੈਸੇ (ਭਾਰਤ ਤੋਂ ਬਾਹਰ ਭੇਜਣ ਲਈ ੭੫ ਨ: ਪੈ: ਤੇ ਸਾਲ ਲਈ ਪੰਜ ਰੁਪਏ (ਭਾਰਤ ਤੋਂ ਬਾਹਰ ਭੇਜਣ ਲਈ ਅੱਠ ਰੁਪਏ)) ਪੇਸ਼ਗੀ ਆਉਣੇ ਜ਼ਰੂਰੀ ਹਨ। 'ਆਲੋਚਨਾ' ਵੀ. ਪੀ. ਪੀ. ਦੁਆਰਾ ਵੀ ਨਹੀਂ ਭੇਜਿਆ ਜਾਂਦਾ।

੩. 'ਆਲੋਚਨਾ' ਵਿਚ ਕੇਵਲ ਸਾਹਿੱਤਿਕ ਖੋਜ ਤੇ ਪੜਚੋਲ ਦੇ ਲੇਖ ਹੀ ਛਾਪੇ ਜਾਂਦੇ ਹਨ, ਜਾਂ ਪੰਜਾਬੀ ਵਿਚ ਛਪੀਆਂ ਪੁਸਤਕਾਂ ਦੇ ਰੀਵੀਊ।

੪. 'ਆਲੋਚਨਾ' ਵਿਚ ਛਪੇ ਹਰ ਲੇਖ ਦੇ ਲਿਖਾਰੀ ਨੂੰ ੧੦) ਰੁਪਏ ਪ੍ਰਤੀ ਹਜ਼ਾਰ ਸ਼ਬਦ (ਵਧ ਤੋਂ ਵਧ ੩੦ ਰੁਪਏ ਪ੍ਰਤੀ ਲੇਖ) ਨਜ਼ਰਾਨੇ ਵਜੋਂ ਦਿੱਤੇ ਜਾਂਦੇ ਹਨ ਤੇ ਨਾਲੇ ਉਸ ਦੇ ਲੇਖ ਦੀਆਂ ਪੰਜ ਕਾਪੀਆਂ ਵੀ ਭੇਜੀਆਂ ਜਾਂਦੀਆਂ ਹਨ।

੫. 'ਆਲੋਚਨਾ' ਦੇ ਕਿਸੇ ਅੰਕ ਦੇ ਛਪਣ ਤੋਂ ਘਟ ਤੋਂ ਘਟ ਇਕ ਮਹੀਨਾ ਪਹਿਲਾਂ ਉਸ ਅੰਕ ਲਈ ਲੇਖ ਪਹੁੰਚ ਜਾਣੇ ਜ਼ਰੂਰੀ ਹਨ।

੬. ਨਾ-ਪਰਵਾਨ ਹੋਇਆ ਲੇਖ ਮੰਗਣ ਤੇ ਵਾਪਸ ਕਰ ਦਿੱਤਾ ਜਾਂਦਾ ਹੈ।

੭. ਹਰ ਲੇਖ ਸਾਫ਼, ਸ਼ੁੱਧ ਤੇ ਕਾਗਜ਼ ਦੇ ਇਕ ਪਾਸੇ ਲਿਖਿਆ ਹੋਣਾ ਚਾਹੀਦਾ ਹੈ, ਪਦ-ਜੋੜ ਵੀ ਪ੍ਰਵਾਣਤ ਨੇਮ ਅਨੁਸਾਰ ਹੋਣੇ ਚਾਹੀਦੇ ਹਨ।

੮. ਏਜੰਸੀ ਪਰਚੂਨ ਨਿਰਖ ਤੇ ੩੩% ਕਮਿਸ਼ਨ ਤੇ ਦਿੱਤੀ ਜਾਂਦੀ ਹੈ। ਏਜੰਟ ਸਾਹਿਬਾਨ ਨੂੰ ਚਾਹੀਦਾ ਹੈ ਕਿ ਜਿੰਨੇ ਪਰਚਿਆਂ ਦੀ ਲੋੜ ਹੋਵੇ ਉਤਨਿਆਂ ਪਰਚਿਆਂ ਦੀ ਕੀਮਤ ਪੇਸ਼ਗੀ ਭੇਜਣ। ਦਸ ਪਰਚਿਆਂ ਤੋਂ ਘਟ ਲਈ ਕਮਿਸ਼ਨ ੨੫% ਹੈ।

੯. 'ਆਲੋਚਨਾ' ਵਿਚ ਇਸ਼ਤਿਹਾਰ ਵੀ ਦਿਤੇ ਜਾ ਸਕਦੇ ਹਨ। ਨਿਰਖ ਲਿਖਾ ਪੜ੍ਹੀ ਕਰਕੇ ਨਿਯਤ ਕੀਤੇ ਜਾਣ।